ਅਪਰੈਲ ੧੯੯੬

# ਵਰਿਆਮ



ਫਰੀਦਾ ਜਿਨ ਲੋਇਣੁ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥
ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥

Sri Satguru Jagjit Singh Ji eLibrary NamdhariElibrary@gmail.com

https://archive.org/details/namdhari


ਆਪਣੇ ਪਰਿਵਾਰ ਅਤੇ ਮਿੱਤਰਾਂ ਸੰਗ
ਚਿੰਤਾ ਮੁਕਤ, ਪ੍ਰਸੰਨ-ਚਿੱਤ ਦਿਨ ਮਾਨਣ ਵਾਸਤੇ

## ਸੁਖਾਵੇਂ ਪਲ ਤੁਹਾਨੂੰ ਉਡੀਕ ਰਹੇ ਹਨ !

| | |
|---|---|
| ✫ ਸਾਗਰ ਛੱਲਾਂ ਸੰਗ ਖੇਡਣ | ✫ ਆਸਮਾਨ ਤੋਂ ਝੀਲ ਵਿਚ ਤਿਲਕਣ |
| ✫ ਨਦੀ, ਵਿਚ ਤੈਰਨ | ✫ ਸਰੋਵਰ ਵਿਚ ਸਾਈਕਲ ਬੋਟ ਚਲਾਉਣ |
| ✫ ਆਕਾਸ਼ ਵਿਚ ਹੁਲਾਰੇ ਲੈਣ | ✫ ਬੱਚਾ ਰੇਲ ਗੱਡੀ ਦਾ ਹੂਟਾ ਲੈਣ |
| ✫ ਗੀਤ ਸੰਗੀਤ ਮਾਨਣ | ✫ ਅਨੰਦ ਲੈਣ ਵਾਸਤੇ ਪਧਾਰੋ |

ਟਿਕਟ ਏਕ-ਖੇਲ ਅਨੇਕ
ਦੇਸ਼ ਭਰ ਵਿਚ ਆਪਣੇ ਵਰਗਾ ਆਪ







## ਫਨ 'ਐੱਨ' ਫੂਡ ਵਿਲੇਜ

(ਪੋਲੋ ਅਮਿਊਜ਼ਮੈਂਟ ਪਾਰਕ ਲਿਮਿਟਡ)

ਪਿੰਡ ਕਾਪਾ ਸੇਹੜਾ, ਪੁਰਾਣੀ ਦਿੱਲੀ ਗੁੜਗਾਓਂ ਰੋਡ, ਨਵੀਂ ਦਿੱਲੀ-110037
ਧੌਲਾ ਕੂਆਂ ਤੋਂ 11 ਕਿਲੋਮੀਟਰ-ਸੈਂਟੂਰ ਹੋਟਲ ਤੋਂ 3 ਕਿਲੋਮੀਟਰ)
ਫੋਨ : 5563587, 5564500-501-502-503 ਫੈਕਸ : 5563867


Sri Satguru Jagjit Singh Ji eLibrary NamdhariElibrary@gmail.com

https://archive.org/details/namdhari


ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ ਨਵੇਂ ਨਵੇਂ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ : **ਨਾਮਧਾਰੀ ਸੇਲਜ਼** ੧੦੨੪੦/੫੪, ਲਾਇਬਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

***Namdhari Sales***

Manufacturers of :

**FURSHI DURRIES & CARPETS**

in Bright & Fast Colours

10240/54, Library Road, Azad Market, DELHI—110006
Phone : 7514784

---

Phone : Off. 671044, 671045
Resi. 670013

ੴ
ਸ੍ਰੀਸਤਿਗੁਰੂ ਰਾਮ ਸਿੰਘ ਜੀ ਸਹਾਇ ॥

**Namdhari Engineering Works**

Mfrs. & General Suppliers of :
Truck Bus Body Parts, Nut, Bolts & All Kinds of Hardware Goods.

E-190, Focal Point, LUDHIANA—141010

---

**PUNJAB INDUSTRIES**

Specialist in : All Kinds of Truck Body Materials, Malaysia Sal Wood,
Teak Wood, Deodar, Partal, Champ, Hullak etc.

E-190/A, Focal Point, Ludhiana--141001

---

Phone : 664075

**Partap Trading Comapny**

Dealers in : Truck & Bus Body Parts, Aulminium Sheets, Angle, Channels,
Glass, Sunmica, Plywood & Hardwares.

G. T. Road, Opp. Transport Nagar, Ludhiana




Sri Satguru Jagjit Singh Ji eLibrary NamdhariElibrary@gmail.com

**HIGH CLASS GUN MANUFACTURERS**
**(SINGLE & DOUBLE BARRELS) 12-BORE GUNS**
**ALSO SALE & PURCHASES OF**
**INDIAN & IMPORTED (12-Bore Guns, Revolvers/Pistols N. P· Bore) Guns**
**Also Repairers of all Types of Guns**



## Once Purchased Ever Purchased

**Best Quality of The Day is Our Motto**
**Contact Us With Full Confidence :**

**Hello : 533810**

# Free India Gun Manufacturers

**Prop : S. KARTAR SINGH (JAMMU-WALE)**
**6 Industrial Estate, Ashok Nagar,**
**Jammu Cantt.-3**

**Sister Concern :**

**M/s KARTAR SINGH**
**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

https://archive.org/details/namdhari

Gram 'SNIPER'

Hallo : 531367

*Reputed Manufacturers Of :*

**Superior Quality**

**SINGLE BARREL**

**&**

**DOUBLE BARREL**

**B. L. – 12 BORE**

**«GUNS»**

**MODERN GUN WORKS**

**Opp. Industrial Estate,**

**JAMMU CANTT.**



Sri Satguru Jagjit Singh Ji eLibrary NamdhariElibrary@gmail.com

Wel Come ! Wel Come !! Wel Come !

# Get Easy Finance At The Rate Of

## 0.00%

# Double Your Money In Just

## 4 Yrs 6 Mths

**Also Available Saving Scheme for the Marriage of Your Daughter & Higher Education of Your Children.**

# Manohari Finance & Investment Ltd

Regd. Head Office :

75, Ashok Nagar, SIGRA Varanasi-221010 (U.P.)

Phone : (0542) 35063

Managing Director Dr. JASBIR SINGH

Sister Concerns :

★Sri Satguru Jagjit Singh Hospital, ★Singh Auto Sales, ★Singh Comput



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ

ਅਪਰੈਲ ੧੯੯੬ ਜਿਲਦ-੨੧ ਅੰਕ-੬

## ਤਤਕਰਾ


| | |
|---|---|
| ਗੀਤ—ਪ੍ਰੀਤਮ ਸਿੰਘ ਰਾਹੀ | ੮ |
| ਗ਼ਜ਼ਲ – ਸੁਰਿੰਦਰ ਸਿੰਘ ਸੋਹਲ | ੮ |
| ਧੰਨਵਾਦ ਦੇ ਹੁਲਾਰੇ ਵਿਚ—ਨਰਿੰਦਰ ਸਿੰਘ ਕਪੂਰ | ੯ |
| ਸਿਆਮ ਕੁਬੇਰ ਰਾਜ ਦੀ ਯਾਤਰਾ—ਅਮਰ ਭਾਰਤੀ | ੧੪ |
| ਗ਼ਜ਼ਲ—ਲਖਵਿੰਦਰ ਸਿੰਘ ਬਾਜਵਾ | ੧੭ |
| ਮੇਰੀ ਅਧੂਰੀ ਪਾਕਿਸਤਾਨ ਯਾਤਰਾ ਦਾ ਪਾਠ ਕਰਦਿਆਂ—ਵਰਿਆਮ ਸਿੰਘ ਸੰਧੂ | ੧੮ |
| ਮੋਤੀ (ਕਹਾਣੀ) ਹਰੀ ਸਿੰਘ ਦਿਲਬਰ | ੨੧ |
| ਜੈਸਾ ਸਤਿਗੁਰ ਸੁਣੀਦਾ ਕਾਵਿ ਪ੍ਰਬੰਧ —ਕਿਰਪਾਲ ਸਿੰਘ 'ਕਸੇਲ' | ੨੬ |
| ਮਲਿਕ ਨਾਲ ਮਜ਼ੇਦਾਰ ਮੁਲਾਕਾਤ—ਅਜੀਤ ਕੁਮਾਰ | ੩੨ |
| ਆਪਣੀ ਬੱਸ—ਮਾ: ਅਮਰੀਕ ਸਿੰਘ | ੩੫ |
| ਗ਼ਜ਼ਲ—ਚਰਨ ਸੀਚੇਵਾਲਵੀ | ੩੭ |
| ਸਟੇਸ਼ਨ ਤਕ ਯਾਰੀ—ਗੁਰਦੇਵ ਸਿੰਘ ਹੰਜਰਾ | ੪੦ |
| ਮਿੰਨੀ ਕਹਾਣੀ 'ਸੰਗ੍ਰਹਿ' ਜ਼ਮੀਨ ਤੇ ਜਵਾਨੀ ਬਾਰੇ —ਉਮਿੰਦਰ ਜੌਹਲ | ੪੦ |
| ਖਬਰਨਾਮਾ | ੪੧ |
| ਪ੍ਰਤੀਕਰਮ | ੪੩ |


### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩-੨-੭੭ ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ ।

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦.੦੦ ਰੁਪੈ |
| ਸਾਲਾਨਾ ਚੰਦਾ | ੧੦੦.੦੦ ,, |
| ਤਿੰਨ ਸਾਲ ਵਾਸਤੇ | ੨੫੦.੦੦ ,, |
| ਪੰਜ ਸਾਲ ਵਾਸਤੇ | ੪੦੦.੦੦ ,, |
| ਜੀਵਨ ਮੈਂਬਰ | ੮੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |

## ਪਾਠਕਾਂ ਨੂੰ ਬੇਨਤੀ

ਆਪਣੇ ਪਿਛਲੇ ਚੰਦੇ ਭਿਜਵਾਓ ਅਤੇ ਆਪਣੇ ਘੇਰੇ ਵਿਚ ਆਉਣ ਵਾਲੇ ਹੋਰ ਸੱਜਣਾਂ ਨੂੰ ਵਰਿਆਮ ਦੇ ਗਾਹਕ ਬਨਣ ਵਾਸਤੇ ਪ੍ਰੇਰੋ ।

—ਮੈਨੇਜਰ

☐ ਵਰਿਆਮ ਵਾਸਤੇ ਭੇਜੇ ਜਾਣ ਵਾਲੇ ਚੈਕ-ਡਰਾਫਟ-ਮਨੀਆਰਡਰ ਉਤੇ Monthly Wariam ਹੀ ਲਿਖਿਆ ਜਾਵੇ ।


| | |
|---|---|
| ਦਫਤਰ ਦਾ ਪਤਾ : | Office Address |
| ਮਾਸਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | (Punjabi) |
| (ਨੇੜੇ ਮਦਨ ਫਲੋਰ ਮਿਲ) | Ladowali Road, |
| ਜਲੰਧਰ ੧੪੪੦੦੧ | (Near Madan Flour Mill |
| | Jalandhar-144001 |
| ਫੋਨ—ਦਫਤਰ : ੨੨੨੫੪੩ | Ph. : 222543 (O) |
| ਘਰ : ੫੬੨੮੯ | 56289 (R) |




Sri Satguru Jagjit Singh Ji eLibrary NamdhariElibrary@gmail.com

# ਵਿਆਹ ਤੇ ਵੋਟਾਂ

ਸਾਡੇ ਦੇਸ਼ ਵਿਚ ਦੋ ਅਜਿਹੇ ਅਵਸਰ ਐਸੇ ਹਨ ਜਦੋਂ ਲੋਕ ਸੰਜਮ ਸਾਦਗੀ ਦੇ ਸਾਰੇ ਤਕਾਜ਼ੇ ਛਿੱਕੇ ਟੰਗ ਕੇ ਖੁਲ੍ਹ ਖੇਡਦੇ ਹਨ। ਆਮ ਹਿੰਦੁਸਤਾਨੀ ਦਾ ਜੀਵਨ ਟੀਚਾ ਇਹ ਹੀ ਰਿਹਾ ਹੈ ਕਿ ਮੁੰਡੇ ਕੁੜੀਆਂ ਦੇ ਵਿਆਹ ਗੱਜ ਵੱਜਕੇ ਕਰਨੇ ਹਨ। ਸਾਰੀ ਉਮਰ ਦੀ ਇਕ ਜਾਂ ਦੋ ਨੰਬਰ ਦੀ ਕਮਾਈ ਇਸ ਮੌਕੇ ਵਾਸਤੇ ਹੁੰਦੀ ਹੈ। ਤਾਮਿਲਨਾਡੂ ਦੀ ਮੁਖ ਮੰਤਰੀ ਜੈ ਲਲਿਤਾ ਦੇ ਪਾਲਤੂ ਪੁੱਤਰ ਦਾ ਵਿਆਹ ਤਾਂ ਇਕ ਮਿਸਾਲ ਹੈ। ਜੇ ਗਹੁ ਨਾਲ ਵੇਖੋ ਤਾਂ ਪੈਸਾ ਕਮਾਉਣ ਲਈ ਹਰ ਨਜਾਇਜ਼ ਢੰਗ ਇਸੇ ਕਰਕੇ ਹੀ ਹੈ ਕਿ ਵਿਆਹ ਠਾਠ ਬਾਠ ਨਾਲ ਕਰਨੇ ਹਨ। ਰੂਪ ਅਤੇ ਪੈਸੇ ਦੇ ਖਰਚ ਦੇ ਵਿਖਾਵੇ ਦੀ ਬੇਹਯਾਈ ਜਾਂ ਦੂਜੇ ਸ਼ਬਦਾਂ ਵਿਚ ਸ਼ਰਾਬ-ਸ਼ਬਾਬ-ਕਬਾਬ ਦੀ ਅੰਨ੍ਹੀ ਵਰਤੋਂ ਦਾ ਕੋਈ ਪਾਰਾਵਾਰ ਹੀ ਨਹੀਂ। ਲੱਖਾਂ ਰੁਪਏ ਸਜਾਵਟ ਤੇ ਖਰਚ ਹੁੰਦੇ ਹਨ।

ਅਖਬਾਰ ਵਿਚ ਖਬਰ ਹੈ ਕਿ ਸੱਦੇ ਹੋਏ ਲੋਕ ਚਾਰ ਘੰਟੇ ਤੋਂ ਉਡੀਕ ਕਰ ਰਹੇ ਸਨ ਕਿ ਕਦੋਂ ਮਿਲਣੀ ਹੋਵੇ ਤੇ ਰੋਟੀ ਖਾਧੀ ਜਾਵੇ। ਚਰਚਾ ਸੀ ਕਿ ਵਿਆਹ ਵਾਲੀ ਕੁੜੀ ਸ਼ਿੰਗਾਰ ਕਰਨ ਵਾਲੀ ਦੁਕਾਨ ਬਿਊਟੀਸ਼ਨ ਦੇ ਗਈ ਅਜੇ ਵਾਪਸ ਨਹੀਂ ਆਈ। ਅੱਕ ਕੇ ਕੁੜੀ ਦੇ ਪਿਤਾ ਨੇ ਐਲਾਨ ਕੀਤਾ—ਸ੍ਰੀਮਾਨ ਜੀ ਮੇਰੀ ਧੀ ਤਾਂ ਅੰਦਰ ਬੈਠੀ ਹੈ...ਦੂਲ੍ਹਾ ਮੀਆਂ ਬਿਊਟੀ ਪਾਰਲਰ ਤੋਂ ਵਾਪਸ ਆਵੇ ਤਾਂ ਅੱਗੇ ਵਿਆਹ ਦੀ ਰਸਮ ਤੋਰੀ ਜਾਵੇ। ਇਹਨਾਂ ਬਿਊਟੀ ਪਾਰਲਰਾਂ ਤੇ ਜਿੰਨਾ ਰੁਪਿਆ ਖਰਚ ਹੁੰਦਾ ਹੈ ਉਹਦੇ ਨਾਲ ਸਾਧਾਰਨ ਘਰਾਂ ਦੀ ਰੋਟੀ ਤੁਰ ਸਕਦੀ ਹੈ।

ਦੂਜੇ ਪਾਸੇ ਪਾਪ ਦੀ ਜੜ੍ਹ ਹੈ ਇਲੈਕਸ਼ਨਾਂ ਤੇ ਖਰਚ ਕੀਤਾ ਜਾਣ ਵਾਲਾ ਬੇਬਹਾ ਬਲੈਕ ਦਾ ਰੁਪਿਆ। ਚੋਣਾਂ ਪੈਸੇ ਦੀ ਤਾਕਤ ਨਾਲ ਜਿੱਤੀਆਂ ਜਾਂਦੀਆਂ ਹਨ ਅਤੇ ਰਾਜ-ਗੱਦੀਆਂ ਸੁਰੱਖਿਅਤ ਕੀਤੀਆਂ ਜਾਂਦੀਆਂ ਹਨ ਪੈਸੇ ਦੀ ਮਦਦ ਨਾਲ। ਚੁਣੇ ਹੋਏ ਪ੍ਰਤੀਨਿਧ (ਐਮ.ਪੀਜ਼ ਜਾਂ ਐਮ.ਐਲ.ਏਜ਼) ਨੂੰ ਖਰੀਦਣ ਲਈ ਅਰਬਾਂ ਰੁਪਏ ਵਰਤੇ ਜਾਂਦੇ ਹਨ। ਇਹ ਇਕ ਐਸੀ ਹਕੀਕਤ ਹੈ ਜਿਸ ਨੂੰ ਸਾਬਤ ਕਰਨ ਲਈ ਕਿਸੇ ਸਬੂਤ ਦੀ ਲੋੜ ਨਹੀਂ। ਪਰ ਦੇਸ਼ ਵਿਚ ਅਨਗਿਣਤ ਹੇਰਾ-ਫੇਰੀਆਂ ਦੇ ਵੱਡੇ ਵੱਡੇ ਕਾਂਡ ਇਸੇ ਹੀ ਭ੍ਰਸ਼ਟ ਲੋੜ ਵਿਚੋਂ ਨਿਕਲੇ ਹਨ।

ਕਹਿੰਦੇ ਨੇ—ਅੱਤ ਦਾ ਤੇ ਰੱਬ ਦਾ ਵੈਰ ਹੁੰਦਾ ਹੈ। ਸ਼ਾਇਦ ਚੋਣਾਂ ਵਿਚ ਨਜਾਇਜ਼ ਖਰਚਿਆਂ ਦੀ ਅੱਤ ਹੋ ਗਈ ਸੀ, ਜੋ ਮੁਖ ਇਲੈਕਸ਼ਨ ਕਮਿਸ਼ਨਰ ਸ੍ਰੀ ਟੀ. ਐਨ. ਸੈਸ਼ਨ ਦੇ ਰੂਪ ਵਿਚ ਇਕ ਮਰਦ ਪੈਦਾ ਹੋਇਆ। ਸੈਸ਼ਨ ਸਾਹਿਬ ਨਾਲ ਹਰ ਪਾਰਟੀ ਨੇ ਆਢ੍ਹਾ ਲਾਇਆ। ਪੱਤਰਕਾਰਾਂ ਸਮੇਤ ਬਹੁਤ ਸਾਰੇ ਭਾਈਚਾਰੇ ਨਰਾਜ਼ ਵੀ ਹੋਏ। ਉਹਨਾਂ ਦੀ ਤਾਕਤ ਘਟਾਉਣ ਦੇ ਜਤਨ ਵੀ ਹੋਏ। ਕਮਿਸ਼ਨ ਬਹੁ-ਮੈਂਬਰੀ ਵੀ ਕੀਤਾ ਗਿਆ। ਸੁਪਰੀਮ ਕੋਰਟ ਦੀ ਵੀ ਮਦਦ ਲਈ ਗਈ। ਪਰ ਇਸ ਵਾਰ ਜੋ ਚੋਣਾਂ ਹੋਈਆਂ ਹਨ ਉਹਨਾਂ ਵਿਚ ਜੋ ਸਭ ਤੋਂ ਵਧ ਵਿਅਕਤੀ ਕਿਸੇ ਨੂੰ ਯਾਦ ਆਇਆ ਤਾਂ ਉਹ ਚੋਣ ਕਮਿਸ਼ਨਰ ਸ੍ਰੀ ਸੈਸ਼ਨ ਹੀ ਹੈ। ਅਸਲ ਵਿਚ ਇਹਨਾਂ ਚੋਣਾਂ ਦਾ ਜੇਤੂ ਹੀ ਸੈਸ਼ਨ ਹੈ। ਇਸ ਵਾਰ ਜੋ ਚੋਣਾਂ ਹੋਈਆਂ ਹਨ, ਖਾਮੋਸ਼ੀ ਦੇ ਮਾਹੌਲ ਵਿਚ—ਬਗੈਰ ਧੂਤਿਆਂ ਦੇ ਰੌਲਿਆਂ ਤੋਂ, ਬਗੈਰ ਗਾਲੀ-ਗਲੋਚ ਤੋਂ, ਅਤੇ ਬਗੈਰ ਕੰਧਾਂ ਨੂੰ ਇਸ਼ਤਿਹਾਰਾਂ ਨਾਲ ਖਰਾਬ ਕਰਨ ਤੋਂ। ਇਵੇਂ ਲਗਿਆ ਜਿਵੇਂ ਗਰਮੀ ਦੇ ਮੌਸਮ ਵਿਚ ਠੰਡੀ ਹਵਾ ਦਾ ਪਿਆਰਾ ਜਿਹਾ ਬੁਲਾ ਆਇਆ ਹੋਵੇ।

ਲੜਕੀ ਦੇ ਵਿਆਹ ਵੇਲੇ ਉਸ ਦੇ ਆਲੇ ਦੁਆਲੇ ਸਦਾ ਕੁੜੀਆਂ ਦਾ ਝੁਰਮਟ ਰਹਿੰਦਾ ਹੈ। ਫੇਰਿਆਂ ਵੇਲੇ ਵੀ ਭਰਾ ਫੜ ਫੜ ਕੇ ਫੇਰੇ ਦਿੰਦੇ ਹਨ। ਚੁੱਕ ਕੇ ਡੋਲੀ ਵਿਚ ਬਠਾਇਆ ਜਾਂਦਾ ਹੈ। ਨਾਮਧਾਰੀ ਸਮਾਜ ਵਿਚ ਸਤਿਗੁਰੂ ਜੀ ਨੇ ਹੁਕਮ ਦੇ ਦਿਤਾ ਕਿ ਅਨੰਦ ਕਾਰਜ ਆਮ ਸੰਗਤ ਵਿਚ ਹੋਣਗੇ ਅਤੇ ਵਿਆਹ ਵਾਲੀ ਲੜਕੀ ਆਪ ਹੀ ਵਿਆਹ ਮੰਡਪ ਵਿਚ ਆਵੇਗੀ ਅਤੇ ਇਕੱਲਿਆਂ ਬਗੈਰ ਕਿਸੇ ਦੀ ਸਹਾਇਤਾ ਦੇ ਨੰਗੇ ਮੂੰਹ ਫੇਰੇ ਲਵੇਗੀ। ਬੜੇ ਆਰਾਮ ਨਾਲ ਉਹ ਅਨੰਦ ਕਾਰਜ ਹੋ ਜਾਂਦੇ ਹਨ। ਫੇਰਿਆਂ ਤੋਂ ਬਾਦ ਵੀ ਲੜਕੀ ਲੜਕਾ ਆਪ ਉਠ ਕੇ ਜਾਂਦੇ ਹਨ।

ਇਹਨਾਂ ਚੋਣਾਂ ਵਿਚ ਵੀ ਇਵੇਂ ਹੋਇਆ ਹੈ। ਨਾ ਕੋਈ ਵੋਟਰ ਘਰੋਂ ਧੂਹ ਕੇ ਖੜਨ ਵਾਲਾ ਆਇਆ। ਨਾ ਝੰਡਿਆਂ ਵਾਲੀ ਕਾਰ ਜਾਂ ਰਿਕਸ਼ਾ ਆਇਆ। ਨਾ ਕੋਈ ਪਰਚੀਆਂ ਕੱਟਣ ਵਾਲਾ ਕੈਂਪ ਲੱਗਾ ਨਾ ਪਛਾਣ ਹੋਈ ਕਿ ਕੌਣ ਕਿਸ ਨੂੰ ਵੋਟ ਪਾ ਗਿਆ ਹੈ। ਲੋਕ ਆਪ ਹੀ ਸਿੱਧੇ ਅੰਦਰ ਗਏ ਅਤੇ ਚੁੱਪ ਚੁਪੀਤੇ ਵੋਟ ਪਾ ਕੇ ਘਰ ਆ ਗਏ।

ਭ੍ਰਿਸ਼ਟਾਚਾਰ ਆਦਮੀ ਹੀ ਫੈਲਾਉਂਦੇ ਹਨ ਅਤੇ ਉਹਨਾਂ ਨੂੰ ਸੂਤ ਵੀ ਆਦਮੀ ਹੀ ਕਰਦੇ ਆਏ ਹਨ। ਕੌਮਾਂ ਦੀ ਅਧੋਗਤੀ ਦਾ ਕਾਰਨ ਵੀ ਵਿਅਕਤੀ ਹੁੰਦੇ ਹਨ ਉਹਨਾਂ ਦੀ ਚੜ੍ਹਤ ਦਾ ਕਾਰਨ ਵੀ ਲੋਕ ਹੀ ਹੁੰਦੇ ਹਨ। ਆਖਰ ਕਿਸੇ



Sri Satguru Jagjit Singh Ji eLibrary NamdhariElibrary@gmail.com

ਨਾ ਕਿਸੇ ਵੇਲੇ, ਕਿਸੇ ਨਾ ਕਿਸੇ ਆਦਮੀ ਨੇ ਤਾਂ ਗੰਦ ਸਾਫ ਕਰਨਾ ਹੀ ਹੈ। ਅੱਜ ਜੇ ਸੈਸ਼ਨ ਸਾਹਿਬ ਭਗਵਾਨ ਦਾ ਰੂਪ ਲਗਣ ਲਗ ਪਏ ਹਨ ਤਾਂ ਇਹ ਹੈਰਾਨੀ ਅਤੇ ਸ਼ੱਕ ਵਾਲੀ ਗਲ ਤਾਂ ਹੈ ਕਿ ਕਿਹ ਇਹ ਕਾਰਜ ਠੀਕ ਕਰ ਲੈਣਗੇ ਪਰ ਇਹ ਅਲੋਕਾਰ ਗਲ ਵੀ ਨਹੀਂ ਦਿਸਦੀ। ਅਜਿਹਾ ਹੋ ਸਕਦਾ ਹੈ ਅਤੇ ਇਹ ਹੀ ਇਕ ਆਸ ਲੋਕ ਮਨਾਂ ਵਿਚ ਆਈ ਹੈ। ਹੋ ਸਕਦਾ ਹੈ ਕਿ ਇਸ ਸਮੇਂ ਚੰਗੇ ਪਾਸੇ ਕੱਟਿਆ ਮੋੜ ਦੇਸ਼ ਦੇ ਇਤਿਹਾਸ ਨੂੰ ਬਦਲ ਦੇਵੇ। ਵਿਆਹ ਅਤੇ ਵੋਟਾਂ ਦਾ ਭ੍ਰਿਸ਼ਟਾਚਾਰ ਖਤਮ ਹੋ ਜਾਵੇ ਤਾਂ ਵਾਤਾਵਰਣ ਸ਼ੁਧ ਹੋ ਹੀ ਜਾਵੇਗਾ।

## ਜਸਵੰਤ ਸਿੰਘ ਰਾਹੀ

ਵਰਿਆਮ ਦੇ ਮੁਖ ਪੰਨੇ ਤੇ ਬਾਬਾ ਫ਼ਰੀਦ ਜੀ ਦੇ ਇਕ ਸਲੋਕ ਦਾ ਚਿਤਰਨ ਕਲਾਕਾਰ ਸੁਖਵੰਤ ਨੇ ਆਪਣੇ ਬੁਰਸ਼ ਨਾਲ ਕੀਤਾ ਹੈ। ਜਿਹੜੀਆਂ ਅੱਖਾਂ ਦੀ ਨਜ਼ਾਕਤ ਕਦੇ ਕਜਲ ਦੀ ਲਕੀਰ ਵੀ ਬਰਦਾਸ਼ਤ ਨਹੀਂ ਸੀ ਕਰਦੀ ਸਮੇਂ ਦੇ ਬੀਤਣ ਤੇ ਉਹਨਾਂ ਅਖਾਂ ਦੀ ਇਹ ਹਾਲਤ ਹੋ ਗਈ ਕਿ ਪੰਛੀਆਂ ਦੇ ਬੱਚੇ ਵਿਚ ਬੈਠੇ ਹੁੰਦੇ ਹਨ। ਜ਼ਿੰਦਗੀ ਅਤੇ ਮੌਤ ਦੀ ਹਕੀਕਤ ਦੀ ਕਿੰਨੀ ਸਜੀਵ ਝਾਕੀ ਹੈ।

ਸਾਡੇ ਮਿੱਤਰ ਸ: ਜਸਵੰਤ ਸਿੰਘ ਰਾਹੀ ਹੁਣ ਭੂਤ ਪੂਰਵ ਸ਼ਖਸੀਅਤਾਂ ਵਿਚ ਜਾ ਰਲੇ ਹਨ। ਜਿਊਂਦਿਆਂ ਜੀਅ ਉਹਨਾਂ ਇਕ ਲਟ ਲਟ ਬਲਦਾ ਜੀਵਨ ਜੀਵਿਆ। ਸੰਘਰਸ਼ ਨਾਲ ਭਰਿਆ ਹੋਇਆ। ਅਨੇਕਾਂ ਪੁਸਤਕਾਂ ਦੀ ਰਚਨਾ ਸਟੇਜਾਂ ਤੇ ਕਵਿਤਾਵਾਂ ਦਾ ਜ਼ੋਰਦਾਰ ਪਾਠ ਅਤੇ ਭਾਸ਼ਣ ਉਹਨਾਂ ਦੇ ਇਸੇ ਸੰਘਰਸ਼ ਦਾ ਹੀ ਹਿਸਾ ਸੀ।

ਇਸ ਸ਼ਖਸ ਨੇ ਆਰਥਕ ਤੰਗੀਆਂ ਦੇ ਰੂਬਰੂ ਵੀ ਪੰਜਾਬੀ ਬੋਲੀ ਅਤੇ ਲੋਕਾਈ ਦੀ ਸੇਵਾ ਹਿਤ ਆਪਣਾ ਜੀਵਨ ਲਾਇਆ ਅਤੇ ਸ਼ਾਨਾਂ ਭਰਿਆ ਜੀਵਨ ਜੀਵਿਆ। ਅੰਤ ਤਕ ਪੁਸਤਕਾਂ ਅਤੇ ਸ਼ਬਦਾ ਦੇ ਅੰਗ ਸੰਗ ਰਿਹਾ। ਆਪਣੇ ਮਿਸਾਲੀ ਜੀਵਨ ਦਾ ਅੰਤ ਵੀ ਪੁਸਤਕਾਂ ਵਿਚ ਕੀਤਾ। ਬੰਦੇ ਦੇ ਸਰੀਰ ਦਾ ਅੰਤ ਤਾਂ ਫਰੀਦ ਦੇ ਸਲੋਕ ਵਾਂਗ ਹੀ ਹੈ ਪਰ ਸਾਹਿਤਕਾਰ ਦਾ ਇਹ ਫਰਕ ਹੁੰਦਾ ਹੈ ਕਿ ਉਹ ਆਪਣੀਆਂ ਰਚਨਾਵਾਂ ਰਾਹੀਂ ਸਦਾ ਲਈ ਸਜੀਵ ਹੋ ਜਾਂਦਾ ਹੈ। ਸੂਰਮੇ ਸਾਹਿਤਕਾਰ ਸ. ਜਸਵੰਤ ਸਿੰਘ ਰਾਹੀ ਦੀ ਕਿਰਤਾਂ ਉਸ ਦੇ ਦਰਸ਼ਨ ਕਰਾਉਂਦੀਆਂ ਰਹਿਣਗੀਆਂ।

## ਜਗਦੀਸ਼ ਚੰਦਰ ਵੈਦਯਾ

ਜਗਦੀਸ਼ ਚੰਦਰ ਵੈਦਯ ਦਾ ਨਾਮ ਹਿੰਦੀ ਸਾਹਿਤ ਵਿਚ ਬਹੁਤ ਉੱਘਾ ਹੈ। "ਧਰਤੀ ਧਨ ਨਾ ਆਪਣਾ" ਅਤੇ 'ਕੰਬਹੂ ਨਾ ਛਾਡੇ ਖੇਤ' ਵਰਗੇ ਨਾਵਲਾਂ ਦਾ ਲੇਖਕ ਨਿਮਨ ਅਤੇ ਦਲਿਤ ਵਰਗ ਦੇ ਜੀਵਨ ਦੀਆਂ ਪੇਚਦਗੀਆਂ ਦਾ ਜਿਸ ਖੂਬੀ ਨਾਲ ਵਰਨਣ ਕਰਦਾ ਸੀ ਇਹ ਉਸਦੀ ਪਾਰਦਰਸ਼ੀ ਅੱਖ ਅਤੇ ਸਸ਼ਕਤ ਕਲਮ ਦਾ ਸਬੂਤ ਸੀ। ਜਗਦੀਸ਼ ਚੰਦਰ ਹੋਰਾਂ ਪੰਜਾਬੀ ਸਭਿਆਚਾਰ ਪੰਜਾਬੀ ਰਹਿਣੀ ਬਹਿਣੀ ਨੂੰ ਹਿੰਦੀ ਪਾਠਕਾਂ ਦੇ ਵਿਸ਼ਾਲ ਜਨ ਸਮੂਹ ਦੇ ਸਾਹਮਣੇ ਪ੍ਰਸਤੁਤ ਕੀਤਾ। ਉਹਨਾਂ ਦੀਆਂ ਰਚਨਾਵਾਂ ਵਿਚੋਂ ਪੰਜਾਬ ਬੋਲਦਾ ਸੀ। ਉਹ ਆਪ ਵੀ ਪੰਜਾਬ ਦੀ ਰਵਾਇਤੀ ਮਿਲਣਸਾਰੀ ਨਾਲ ਭਰਪੂਰ ਸੀ। ਅਸੀਂ ਉਸ ਨੂੰ ਬਹੁਤ ਸਾਲ ਪਹਿਲਾਂ ਤੋਂ ਮਿਲਦੇ ਰਹੇ ਹਾਂ। ਬਹੁਤ ਬਾਦ ਵਿਚ ਪਤਾ ਲਗਾ ਕਿ ਇਹ ਉਹ ਹੀ ਜਗਦੀਸ਼ ਚੰਦਰ ਹੈ ਜਿਸ ਨੇ ਪਰਸਿਧ ਨਾਵਲ ਲਿਖੇ ਹਨ। ਹਰ ਗਲ ਜਾਨਣ ਦੀ ਜਗਿਆਸਾ ਅਤੇ ਮਿਲਣ ਗਿਲਣ ਦੀ ਆਦਤ ਉਸ ਦੇ ਜੀਵਨ ਦਾ ਖਾਸਾ ਸੀ। ਭਾਰਤ ਸਰਕਾਰ ਦੇ ਪਰੈਸ ਸੂਚਨਾ ਵਿਭਾਗ ਅਤੇ ਦੂਰਦਰਸ਼ਨ ਤੋਂ ਰਿਟਾਇਰ ਹੋਣ ਬਾਦ ਵੀ ਉਹ ਇਸ ਅਦਾਰੇ ਨਾਲ ਸਰਗਰਮ ਰਿਹਾ। ਬਲਯੂ ਸਟਾਰ ਵੇਲੇ ਦੀ ਕਵਰੇਜ, ਉਸ ਸਮੇਂ ਦੀਆਂ ਅਖਬਾਰੀ ਰਿਪੋਰਟਾਂ ਅਤੇ ਉਹਨਾਂ ਤੇ ਆਧਾਰਤ ਪੁਸਤਕ ਜਗਦੀਸ਼ ਚੰਦਰ ਦੇ ਇਕ ਸਫਲ ਪਤਰਕਾਰ ਹੋਣ ਦਾ ਵੀ ਸਬੂਤ ਹਨ। ਅੰਤਮ ਸਵਾਸਾਂ ਤਕ ਦੋਸਤਾਂ ਮਿਤਰਾਂ ਵਿਚ ਰਹਿਣ ਵਾਲੇ ਵੈਦਯ ਦੀ ਹੋਂਦ ਬਾਦ ਜਲੰਧਰ ਸੁੰਞਾ ਸੁੰਞਾ ਲਗੇਗਾ।

## ਇਸ ਵਾਰ ਦੀ ਕਹਾਣੀ

ਵਰਿਆਮ ਵਿਚ ਅਸੀਂ ਹਰ ਵਾਰ ਇਕ ਸ੍ਰੇਸ਼ਠ ਕਹਾਣੀ ਦੇਣ ਦਾ ਜਤਨ ਕਰਦੇ ਹਾਂ। ਇਸ ਵਾਰ ਪਰਸਿਧ ਲੇਖਕ ਸ. ਹਰੀ ਸਿੰਘ ਦਿਲਬਰ ਦੀ ਕਹਾਣੀ 'ਮੋਤੀ' ਛਾਪ ਰਹੇ ਹਾਂ। ਬੇਜ਼ੁਬਾਨ ਜਾਨਵਰਾਂ ਦੀ ਮਨੁਖ ਨੂੰ ਬਹੁਤ ਦੇਣ ਹੈ। ਅੱਕ ਧਤੂਰਾ ਖਾ ਕੇ ਅਮ੍ਰਿਤ ਦੇਣ ਵਾਲਿਆਂ ਇਹਨਾਂ ਜਾਨਵਰਾਂ ਨੂੰ ਮਨੁੱਖ ਨੇ ਸਦਾ ਆਪਣੇ ਸੁਆਦ ਦੀ ਚੀਜ਼ ਹੀ ਸਮਝਿਆ ਹੈ। ਪਰ ਇਹਨਾਂ ਨੂੰ ਪਿਆਰ ਕਰਨ ਵਾਲੇ ਵੀ ਹਨ। ਇਹਨਾਂ ਨੂੰ ਜ਼ਬਾਨ ਦਿੰਦਾ ਹੈ ਲੇਖਕ। ਮਨੁਖੀ ਪਿਆਰ ਨੂੰ ਜਾਨਵਰ ਪਿਆਰ ਵਿਚ ਤਬਦੀਲ ਹੁੰਦਿਆਂ ਦਰਸਾਉਂਦੀ ਇਹ ਕਹਾਣੀ ਸਮੁਚੇ ਸੰਸਾਰ ਨੂੰ ਇਕ ਸੰਦੇਸ਼ ਦਿੰਦੀ ਹੈ। ਪੰਜਾਬੀ ਦੀ ਇਹ ਕਹਾਣੀ ਸੰਸਾਰ ਸਾਹਿਤ ਦਾ ਸ਼ਿੰਗਾਰ ਹੈ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਗੀਤ

—ਪ੍ਰੀਤਮ ਸਿੰਘ ਰਾਹੀ

ਤੇਰੇ ਮਾਖਿਉਂ ਮਿੱਠੜੇ ਬੋਲ ਵੇ ਮਾਹੀਆ
ਸਾਡੀ ਰੂਹ ਵਿਚ ਖੇੜਾ ਭਰਦੇ
ਦਿੰਦੇ ਮਿਸਰੀ ਘੋਲ ਵੇ ਮਾਹੀਆ ।

ਤੂੰ ਜਦ ਅੱਖੀਓਂ ਓਹਲੇ ਹੋਵੇ,
ਫੁੱਲ ਵਾਂਗੂ ਮੁਰਝਾਈਏ ।
ਤੂੰ ਜਦ ਅਖੀਆਂ ਮੂਹਰੇ ਹੋਵੇਂ
ਫੁੱਲ ਵਾਂਗੂ ਖਿੜ ਜਾਈਏ ।
ਧਰਤੀ ਉੱਤੇ ਪੈਰ ਨਾ ਲਗਦੇ,
ਜਦ ਹੁੰਦਾ ਹੈਂ ਕੋਲ ਵੇ ਮਾਹੀਆ ।

ਲੱਗੇ ਜਿੱਦਾਂ ਬੂਹੇ ਉੱਤੇ,
ਖਟਖਟ ਕੋਈ ਹੋਈ ।
ਪਰ ਜਦ ਬੂਹਾ ਖੋਲ੍ਹ ਕੇ ਤੱਕੀਏ,
ਦਿਸਦਾ ਨਹੀਂ ਜੇ ਕੋਈ ।
ਆਸ-ਨਿਰਾਸ਼ ਦੀ ਦੰਦੀ ਉੱਤੇ,
ਦਿਲ ਜਾਂਦਾ ਹੈ ਡੋਲ ਵੇ ਮਾਹੀਆ ।

ਕੱਲਿਆਂ ਸਾਡਾ ਜੀ ਨਹੀਂ ਲੱਗਦਾ,
ਕੱਲਿਆਂ ਰਹਿਣਾ ਔਖਾ ।
ਰਾਤਾਂ ਦੀ ਚੁੱਪ-ਚਾਂ ਦੇ ਅੰਦਰ,
ਸਾਹ ਨਾ ਆਵੇ ਸੌਖਾ ।
ਕੰਚਨ ਵਰਗੀ ਮਹਿੰਗੀ ਕਾਇਆ,
ਮਿੱਟੀ ਵਿਚ ਨਾ ਰੋਲ ਵੇ ਮਾਹੀਆ ।

# ਗ਼ਜ਼ਲ

—ਸੁਰਿੰਦਰ ਸੋਹਲ

ਮਹਿਕਾਂ ਵਰਗੇ ਕਪੜੇ ਪਾ ਕੇ
ਧੁਪ ਨਿਕਲੀ ਹੈ ਕੋਠੀ 'ਚੋਂ ।
ਬੁਢਾ ਸੂਰਜ ਅੱਖ ਬਚਾ ਕੇ
ਵੇਖ ਰਿਹਾ ਹੈ ਬਾਰੀ 'ਚੋਂ ।

ਮੇਰੇ ਪਿੰਡ ਵਿਚ ਕਾਲ ਪਿਆ ਹੈ
ਸੱਚੇ ਸੁੱਚੇ ਸ਼ਬਦਾਂ ਦਾ,
ਤੁਹਮਤ ਵਰਗੇ ਸ਼ਬਦ ਮਿਲਣਗੇ
ਹਰ ਰਸਤੇ ਹਰ ਬੀਹੀ 'ਚੋਂ ।

ਜਿਸ ਦੀ ਅਲਮਾਰੀ 'ਤੇ ਟੰਗੀ ਸੀ
ਇਕ ਫੋਟੋ ਸੀਤਾ ਦੀ,
ਮਿਲੀਆਂ ਨੇ ਨੰਗੀਆਂ ਤਸਵੀਰਾਂ
ਓਸੇ ਦੀ ਅਲਮਾਰੀ 'ਚੋਂ ।

ਭਾਗੋ ਦੇ ਪਕਵਾਨ ਚੋਂ ਭਾਵੇਂ
ਅਜ ਵੀ ਖੂਨ ਕਿਰੇਗਾ, ਪਰ,
ਦੁਧ ਦੀ ਥਾਂ ਤੇ ਮੁੜ੍ਹਕਾ ਚੋਵੇਗਾ
ਲਾਲੋ ਦੀ ਰੋਟੀ 'ਚੋਂ ।

ਪੈਰਾਂ ਹੇਠ ਸੀ ਅੰਬਰ ਜਿੱਥੇ
ਸਿਰ ਦੇ ਉੱਤੇ ਧਰਤੀ ਸੀ,
ਸੋਹਲ ਮਸਾਂ ਬਚ ਕੇ ਆਏ ਹਾਂ
ਉਸ ਸੁਪਨੇ ਦੀ ਬਸਤੀ 'ਚੋਂ ।

ਪਿੰਡ ਤੇ ਡਾ: ਸੰਗਲ ਸੋਹਲ
ਜਲੰਧਰ



Sri Satguru Jagjit Singh Ji eLibrary NamdhariElibrary@gmail.com

# ਧੰਨਵਾਦ ਦੇ ਹੁਲਾਰੇ ਵਿਚ......

—ਨਰਿੰਦਰ ਸਿੰਘ ਕਪੂਰ

ਸਮਾਜ ਤੋਂ ਸਾਨੂੰ ਜੋ ਕੁਝ ਮਿਲਦਾ ਹੈ, ਉਹ ਸਾਡੀ ਯੋਗਤਾ ਤੋਂ ਹਮੇਸ਼ਾਂ ਵਧੇਰੇ ਹੁੰਦਾ ਹੈ ਪਰ ਧੰਨਵਾਦ ਕਰਨ ਦੀ ਸਮਰੱਥਾ ਨਾ ਹੋਣ ਕਾਰਨ ਅਸੀਂ ਆਪਣੀਆਂ ਪ੍ਰਾਪਤੀਆਂ ਤੋਂ ਸੰਤੁਸ਼ਟ ਨਹੀਂ ਹੁੰਦੇ ।

ਜੋ ਕੁਝ ਸਮਾਜ ਤੋਂ ਪ੍ਰਾਪਤ ਹੋਇਆ ਹੈ ਜੇ ਉਸ ਦੇ ਯੋਗ ਬਣਨ ਦਾ ਯਤਨ ਕਰੋਗੇ ਤਾਂ ਕਦੀ ਥਕੋਗੇ ਨਹੀਂ । ਜੇ ਆਲੇ ਦੁਆਲੇ ਨੂੰ ਧੰਨਵਾਦ ਦੀ ਨਜ਼ਰ ਨਾਲ ਵੇਖੋਗੇ ਤਾਂ ਕਦੇ ਨਿਰਾਸ਼ ਨਹੀਂ ਹੋਵੋਗੇ ।

ਧੰਨਵਾਦ ਕੁਝ ਪ੍ਰਾਪਤ ਕਰ ਲੈਣ ਦਾ ਪ੍ਰਮਾਣ ਹੁੰਦਾ ਹੈ, ਜਿਵੇਂ ਮੁਸਕਰਾਹਟ ਕਿਸੇ ਨੂੰ ਪਛਾਣ ਲੈਣ ਦਾ ਸਬੂਤ ਹੁੰਦੀ ਹੈ, ਜਿਵੇਂ ਹਾਸਾ ਕਿਸੇ ਗੱਲ ਦੇ ਸਮਝ ਆ ਜਾਣ ਦਾ ਐਲਾਨ ਹੁੰਦਾ ਹੈ । ਧੰਨਵਾਦ ਦੀ ਭਾਵਨਾ ਹਰ ਚੀਜ਼ ਨੂੰ ਸੁੰਦਰ ਬਣਾ ਦਿੰਦੀ ਹੈ ਜਦੋਂ ਕਿ ਲਾਪ੍ਰਵਾਹੀ ਦਾ ਭਾਵ ਹਰ ਮਹੱਤਵਪੂਰਨ ਚੀਜ਼ ਜਾਂ ਵਰਤਾਰੇ ਨੂੰ ਅਰਥਹੀਣ ਕਰ ਦਿੰਦਾ ਹੈ । ਰੱਬ ਸੰਸਾਰ ਪ੍ਰਤੀ ਲਾਪ੍ਰਵਾਹ ਨਹੀਂ ਹੈ, ਰੱਬ ਰੱਬ ਹੋਣ ਕਾਰਨ ਲਾਪ੍ਰਵਾਹ ਹੋ ਹੀ ਨਹੀਂ ਸਕਦਾ । ਸਾਰੇ ਧਰਮ ਰੱਬ ਪ੍ਰਤੀ ਧੰਨਵਾਦ ਦੀ ਭਾਵਨਾ ਦਾ ਪ੍ਰਗਟਾਵਾ ਹਨ । ਕਿਸੇ ਨੇ ਕਿਹਾ ਸੀ ਕਿ ਤੁਸੀਂ ਹੀ ਰੱਬ ਨੂੰ ਪਿਆਰ ਨਾ ਕਰੋ, ਤੁਸੀਂ ਹੀ ਰੱਬ ਦਾ ਧੰਨਵਾਦ ਨਾ ਕਰੋ ਸਗੋਂ ਅਜਿਹੇ ਬਣੋ ਕਿ ਰੱਬ ਤੁਹਾਨੂੰ ਪਿਆਰ ਕਰਨ ਲਗ ਪਵੇ, ਰੱਬ ਤੁਹਾਨੂੰ ਅਪਣਾ ਲਵੇ, ਰੱਬ ਤੁਹਾਡਾ ਧੰਨਵਾਦ ਕਰੇ । ਜੇ ਵਿਸ਼ਾਲ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਨਾਨਕ ਨੇ ਰੱਬ ਨੂੰ ਉਤਨਾ ਪਿਆਰ ਨਹੀਂ ਕੀਤਾ ਜਿਤਨਾ ਰੱਬ ਨੇ ਨਾਨਕ ਨੂੰ ਕੀਤਾ ਹੈ । ਜਿਸਨੂੰ ਨਾਨਕ ਪਿਆਰ ਕਰਦੇ ਹਨ ਉਹ ਰੱਬ ਹੋ ਜਾਂਦਾ ਹੈ, ਜਿਸ ਨੂੰ ਰੱਬ ਪਿਆਰ ਕਰਦਾ ਹੈ, ਉਹ ਨਾਨਕ ਹੋ ਜਾਂਦੇ ਹਨ । ਹਰ ਅਰਦਾਸ ਧੰਨਵਾਦ ਦੀ ਭਾਵਨਾ ਵਿਚ ਉਪਜਦੀ ਹੈ। ਅਰਦਾਸ ਵਿਚ ਸਿਰ ਝੁਕਦਾ ਹੀ ਤਾਂ ਹੈ ਜਦੋਂ ਉਸ ਦੀ ਦਹਿਲੀਜ਼ ਦਿਸਦੀ ਹੈ । ਜਦੋਂ ਉਸ ਦੀ ਦਹਿਲੀਜ਼ ਦਿਸ ਪਵੇ ਤਾਂ ਹਰ ਅਦਾ ਹੀ ਅਰਦਾਸ ਬਣ ਜਾਂਦੀ ਹੈ । ਅਜਿਹੀ ਅਵਸਥਾ ਵਿਚ ਹਰ ਦਰਖਤ ਵਿਚੋਂ, ਹਰ ਝਾੜੀ ਵਿਚੋਂ, ਹਰ ਬੱਦਲ ਵਿਚੋਂ, ਹਵਾਵਾਂ ਵਿਚੋਂ, ਹਰ ਕਿਸੇ ਵਿਚੋਂ, ਉਹ ਵਿਖਾਈ ਦੇਣ ਲੱਗ ਪੈਂਦਾ ਹੈ ।

ਜੀਵਨ ਸਮੁੱਚੀ ਮਾਨਵਜਾਤੀ ਦਾ ਸਾਂਝਾ ਸੁਪਨਾ । ਹੈ ਮਨੁੱਖ, ਇਨਸਾਨ ਉਦੋਂ ਬਣਦਾ ਹੈ ਜਦੋਂ ਉਹ ਪਹਾੜਾਂ, ਖੇਤਾਂ, ਮੈਦਾਨਾਂ, ਦਰਿਆਵਾਂ, ਸੂਰਜ ਅਤੇ ਤਾਰਿਆਂ ਨੂੰ ਵਿਸ਼ਵਾਸ ਅਤੇ ਧੰਨਵਾਦ ਦੀ ਭਾਵਨਾ ਨਾਲ ਵੇਖਦਾ ਹੈ ।

ਅਸੀਂ ਜੋ ਕੁਝ ਹਾਂ, ਉਹ ਜੋ ਕੁਝ ਅਸੀਂ ਸੋਚ ਚੁਕੇ ਹਾਂ, ਉਸ ਦਾ ਨਤੀਜਾ ਹਾਂ । ਜੇ ਤੁਸੀਂ ਸਭ ਕੁਝ ਜਾਣਦੇ ਹੋ ਤਾਂ ਹੈਰਾਨ ਹੋਣ ਦੀ ਪ੍ਰਸੰਨਤਾ ਨਹੀਂ ਮਾਣ ਸਕੋਗੇ, ਤੁਹਾਡੇ ਵਿਚ ਧੰਨਵਾਦ ਕਰਨ ਦੀ ਬਿਰਤੀ ਨਹੀਂ ਹੋਵੇਗੀ । ਧੰਨਵਾਦ ਦੀ ਭਾਵਨਾ ਤੋਂ ਬਿਨਾਂ ਜਿੱਤ ਅਤੇ ਹਾਰ ਦੋਵੇਂ ਨਿਰਾਸ਼ ਕਰਦੀਆਂ ਹਨ । ਉਦਾਸ ਅਤੇ ਨਿਰਾਸ਼ ਵਿਅਕਤੀ ਬੀਮਾਰੀਆਂ ਨੂੰ ਜਲਦੀ ਗ੍ਰਹਿਣ ਕਰਦਾ ਹੈ । ਬੀਮਾਰੀ ਕੋਈ ਵੀ ਹੋਵੇ ਅਸੀਂ ਉਦੋਂ ਤਕ ਅਰੋਗ ਨਹੀਂ ਹੋ ਸਕਦੇ ਜਦੋਂ ਤਕ ਅਸੀਂ ਆਪਣੇ ਆਪ ਨਾਲ ਇਕ-ਸੁਰ ਨਹੀਂ ਹੁੰਦੇ । ਆਪਣੇ ਆਪ ਨਾਲ ਇਕਸੁਰ ਹੋਣ ਲਈ ਗੁਸੇ ਨੂੰ ਮੁਆਫੀ ਨਾਲ, ਹੰਕਾਰ ਨੂੰ ਸੰਜਮ ਨਾਲ, ਪਖੰਡ ਨੂੰ ਸਾਦਗੀ ਨਾਲ ਅਤੇ ਲਾਲਚ ਨੂੰ ਸੰਤੋਖ ਨਾਲ ਜਿੱਤਣਾ ਹੋਵੇਗਾ । ਜਿੱਤਣ ਦਾ ਗੁਣ ਅਤੇ ਹੌਸਲਾ ਉਦੋਂ ਤਕ ਨਹੀਂ ਉਪਜੇਗਾ ਜਦੋਂ ਤਕ ਸਾਡੇ ਵਿਚ ਕੁਦਰਤ ਪ੍ਰਤੀ ਧੰਨਵਾਦ ਦੀ ਭਾਵਨਾ ਨਹੀਂ ਉਪਜਦੀ। ਵੇਖਿਆ ਗਿਆ ਹੈ ਕਿ ਅਸੀਂ ਅਸ਼ਾਂਤ ਹੋਣ ਕਾਰਨ ਹੀ ਅਸ਼ਾਂਤ ਹੁੰਦੇ ਹਾਂ । ਇਛਾਵਾਂ ਸਰੀਰ ਨਾਲ ਸਬੰਧ ਰਖਦੀਆਂ ਹਨ, ਆਤਮਾ ਦੀ ਕੋਈ ਇੱਛਾ ਨਹੀਂ ਹੁੰਦੀ । ਸਰੀਰ ਪ੍ਰੇਸ਼ਾਨ ਅਤੇ ਅਸ਼ਾਂਤ ਉਦੋਂ ਹੁੰਦਾ ਹੈ ਜਦੋਂ ਇਹ ਪ੍ਰੇਮ ਕਰਨ ਦੀ ਥਾਂ ਪ੍ਰੇਮ ਦੀ ਪ੍ਰਾਪਤੀ ਲਈ ਤਾਂਘਦਾ ਹੈ । ਪ੍ਰੇਮ ਦੀ ਵਿਆਕਰਣ ਦਾ ਪਹਿਲਾ ਨੇਮ ਇਹ ਹੈ ਕਿ ਪਿਆਰ ਕੀਤਿਆਂ ਹੀ ਪਿਆਰ ਮਿਲਦਾ ਹੈ ।

ਪ੍ਰੇਮ ਦੀ ਘੜੀ ਵਿਚ ਭੁਖ ਮਿਟ ਜਾਂਦੀ ਹੈ । ਪ੍ਰੇਮ ਦੀ ਅਣਹੋਂਦ ਕਾਰਨ ਹੀ ਮਨੁੱਖ ਜ਼ਿੰਦਗੀ ਭਰ ਭੋਜਨ ਤਬਾਹ ਕਰਦੇ ਰਹਿੰਦੇ ਹਨ । ਜਿਹੜੀ ਮਾਂ ਬੱਚੇ ਨੂੰ ਬਹੁਤ ਪ੍ਰੇਮ ਕਰਦੀ ਹੈ, ਉਹ ਬੱਚਾ ਘੱਟ ਦੁੱਧ ਪੀਂਦਾ ਹੈ । ਉਸ ਨੂੰ ਪਤਾ ਹੈ ਕਿ ਦੁੱਧ ਕਦੇ ਵੀ ਪੀਤਾ ਜਾ ਸਕਦਾ ਹੈ । ਅਜਿਹੇ ਬੱਚੇ ਨੂੰ ਭਵਿਖ ਦਾ ਕੋਈ ਭੈਅ ਨਹੀਂ ਹੁੰਦਾ । ਜਿਸ ਬੱਚੇ ਨੂੰ ਮਾਂ ਪ੍ਰੇਮ ਨਹੀਂ ਕਰਦੀ, ਉਹ ਰੱਜ ਕੇ ਵੀ ਰੋਂਦਾ ਰਹੇਗਾ, ਉਹ ਵੱਧ ਦੁੱਧ ਪੀਵੇਗਾ, ਉਸ ਨੂੰ ਭਵਿਖ ਦਾ ਭਰੋਸਾ ਨਹੀਂ ਹੁੰਦਾ। ਪ੍ਰੇਮ ਅਤੇ ਦੁੱਧ ਨਾਲ ਰੱਜੇ ਬੱਚੇ ਦੇ ਸਮੁੱਚੇ ਮਨ ਅਤੇ ਸਰੀਰ ਵਿਚੋਂ, ਮੁਸਕਰਾਹਟ ਦੇ ਰੂਪ ਵਿਚ ਧੰਨਵਾਦ ਦਾ ਪ੍ਰਗਟਾਵਾ ਹੁੰਦਾ ਹੈ ।



Sri Satguru Jagjit Singh Ji eLibrary NamdhariElibrary@gmail.com

ਸ਼ਿਕਾਇਤੀ ਬਿਰਤੀ ਧੰਨਵਾਦ ਦੀ ਵਿਰੋਧੀ ਬਿਰਤੀ ਹੈ। ਸ਼ਿਕਾਇਤ ਲਾਉਣ ਵਾਲਿਆਂ ਨੇ ਨਾ ਈਸਾ ਨੂੰ ਛੱਡਿਆ, ਨਾ ਸੁਕਰਾਤ ਨੂੰ ਬਖਸ਼ਿਆ, ਨਾ ਮਨਸੂਰ ਨੂੰ ਰਹਿਣ ਦਿਤਾ। ਸ਼ਿਕਾਇਤ ਲਾਉਣ ਵਾਲੇ ਤਾਂ ਭਾਈ ਘਨਈਏ ਦੀ ਵੀ ਸ਼ਿਕਾਇਤ ਲਾ ਗਏ ਪਰ ਭਾਈ ਘਨਈਏ ਨੇ ਇਨ੍ਹਾਂ ਸ਼ਿਕਾਇਤੀਆਂ ਪ੍ਰਤੀ ਵੀ ਧੰਨਵਾਦ ਭਰੇ ਅੰਦਾਜ਼ ਵਿਚ ਕਿਹਾ ਸੀ।.

ਮੇਰੇ ਪਾਤਸ਼ਾਹ !
ਸਾਰੇ ਮੈਦਾਨ ਅੰਦਰ
ਤੈਥੋਂ ਦੂਸਰਾ ਕੋਈ ਨਜ਼ਰ ਆਇਆ ਹੀ ਨਹੀਂ।
ਜਿਥੇ ਚੋਇਆ ਪਾਣੀ,
ਤੇਰਾ ਮੂੰਹ ਦਿਸਿਆ,
ਕਿਸੇ ਗੈਰ ਦੇ ਮੂੰਹ ਵਿਚ ਪਾਇਆ ਹੀ ਨਹੀਂ
ਤੁਹਾਡਾ ਦਸਿਆ ਹੀ ਤੁਹਾਨੂੰ ਕੀ ਦੱਸਾਂ,
ਤੁਸੀਂ ਦੂਈ ਦਾ ਪਾਠ ਪੜ੍ਹਾਇਆ ਹੀ ਨਹੀਂ।

ਜਿਤਨੇ ਕਿਸੇ ਦੇ ਵਧੇਰੇ ਦੋਸਤ ਹੋਣਗੇ, ਜਾਣੂ ਅਤੇ ਸ਼ੁਭ ਚਿੰਤਕ ਹੋਣਗੇ, ਉਤਨਾ ਹੀ ਉਸ ਲਈ ਸੰਕੀਰਣ, ਹੋਛਾ ਅਤੇ ਕਮੀਨਾ ਬਣਨਾ ਔਖਾ ਹੋ ਜਾਂਦਾ ਹੈ। ਜੇ ਨੀਅਤ ਠੀਕ ਹੋਵੇ ਤਾਂ ਪਹੁੰਚਣ ਵਾਲੇ ਮੰਜ਼ਿਲ ਵੱਲ ਪਿੱਠ ਕਰਕੇ ਵੀ ਪਹੁੰਚ ਜਾਂਦੇ ਹਨ। ਜੇ ਤੁਹਾਡੇ ਵਿਚ ਧੰਨਵਾਦ ਕਰਨ ਦੀ ਬਿਰਤੀ ਹੈ ਤਾਂ ਤੁਹਾਨੂੰ ਧੰਨਵਾਦ ਕਰਨ ਦੇ ਅਵਸਰਾਂ ਦੀ ਥੁੜ ਨਹੀਂ ਹੋਵੇਗੀ ਕਿਉਂਕਿ ਇਹ ਕੁਦਰਤ ਦਾ ਅਸੂਲ ਹੈ ਕਿ ਜੇ ਲੰਗਰ ਅਤੁਟ ਹੋਵੇਗਾ ਤਾਂ ਛਕਣ ਵਾਲੀ ਸੰਗਤ ਵੀ ਅਤੁੱਟ ਹੋ ਜਾਵੇਗੀ।

ਸੰਸਾਰ ਦੀ ਹਰ ਚੀਜ਼ ਅਧੂਰੀ ਹੈ। ਸੰਸਾਰ ਸੁੰਦਰ ਹੀ ਤਾਂ ਹੈ ਕਿਉਂਕਿ ਇਹ ਸੰਪੂਰਣ ਨਹੀਂ। ਜਗਤ-ਤਮਾਸ਼ਾ ਦਿਲਚਸਪ ਹੀ ਤਾਂ ਹੈ ਕਿਉਂਕਿ ਇਹ ਅਧੂਰੇ ਬੰਦਿਆਂ ਦਾ ਨਾਟਕ ਹੈ। ਧਰਤੀ ਨੂੰ ਸੂਰਜ ਦੀ ਲੋੜ ਹੈ, ਪਰ ਧਰਤੀ ਨੂੰ ਸੂਰਜ ਦੀ ਦੂਰੀ ਦੀ ਵੀ ਲੋੜ ਹੈ। ਸੰਸਾਰ ਦੀ ਹਰ ਚੀਜ਼ ਵਿਚ ਤਰੇੜ ਹੈ, ਪਰ ਰੋਸ਼ਨੀ ਇਸ ਤਰੇੜ ਰਾਹੀਂ ਹੀ ਆਉਂਦੀ ਹੈ, ਬੂਹੇ, ਬਾਰੀਆਂ, ਰੋਸ਼ਨਦਾਨ ਆਦਿ ਕੰਧਾਂ ਵਿਚੋਂ ਤੀਆਂ ਹੋਈਆਂ ਤਰੇੜਾਂ ਹਨ। ਧੰਨਵਾਦ ਕਰਨ ਦੀ ਬਿਰਤੀ ਹੋਵੇ ਸਹੀ, ਕੁਦਰਤ ਤੁਹਾਨੂੰ ਥੱਕਣ ਨਹੀਂ ਦੇਵੇਗੀ। ਕਦਮ ਕਦਮ 'ਤੇ ਦੌਲਤਾਂ ਵਿਛੀਆਂ ਨਜ਼ਰ ਆਉਣਗੀਆਂ।

ਮੇਰੇ ਇਕ ਮਿੱਤਰ ਹਨ, ਜਿਨ੍ਹਾਂ ਦੀ ਸ਼ਿਕਾਇਤਾਂ-ਗਿਲੇ-ਸ਼ਿਕਵਿਆਂ ਦੀ ਸੂਚੀ ਕੁਝ ਵਧੇਰੇ ਹੀ ਲੰਮੀ ਹੈ। ਇਕ ਵਾਰੀ ਉਹ ਕਹਿਣ ਲਗੇ ਬਹੁਤ ਉਦਾਸ ਹਾਂ, ਮੇਰੇ ਕੋਲ ਕੋਈ ਪੂੰਜੀ ਨਹੀਂ, ਮਰ ਜਾਣ ਬਾਰੇ ਸੋਚਦਾ ਹਾਂ। ਇਕ ਹੋਰ ਮਿੱਤਰ ਨੇ ਕਿਹਾ ਕਿ ਤੁਸੀਂ ਚੰਗੇ ਭਲੇ ਹੋ, ਆਪਣਾ ਇਕ ਗੁਰਦਾ ਵੇਚ ਦਿਓ, ਜਿਤਨੀ ਪੂੰਜੀ ਤੁਹਾਨੂੰ ਚਾਹੀਦੀ ਹੈ, ਉਸ ਨਾਲੋਂ ਦੁੱਗਣੀ ਮਿਲ ਜਾਵੇਗੀ, ਤੁਹਾਡਾ ਇਕ ਗੁਰਦੇ ਨਾਲ ਸਰੀਰ ਠੀਕ ਚਲਦਾ ਰਹੇਗਾ, ਜੇ ਹੋਰ ਪੂੰਜੀ ਚਾਹੀਦੀ ਹੈ ਤਾਂ ਆਪਣੀ ਇਕ ਅੱਖ ਵੇਚ ਦਿਓ। ਧਿਆਨ ਨਾਲ ਦੇਖੋ ਤਾਂ ਕੁਦਰਤ ਨੇ ਤੁਹਾਨੂੰ ਕਿਤਨੀਆਂ ਮਹਿੰਗੀਆਂ ਚੀਜ਼ਾਂ ਮੁਫਤ ਵਿਚ ਦਿਤੀਆਂ ਹੋਈਆਂ ਹਨ ਪਰ ਕਿਉਂਕਿ ਤੁਹਾਡੇ ਵਿਚ ਸ਼ਿਕਾਇਤਾਂ ਕਰਨ ਦੀ ਬਿਰਤੀ ਹੈ, ਧੰਨਵਾਦ ਦੀ ਭਾਵਨਾ ਨਹੀਂ, ਸੋ ਤੁਸੀਂ ਸਫਲ ਨਹੀਂ ਹੋ ਰਹੇ। ਤੁਸੀਂ ਉਤਨੇ ਦੁਖੀ ਨਹੀਂ ਜਿਤਨਾ ਤੁਸੀਂ ਆਪਣੇ ਆਪ ਦੱਸਦੇ ਹੋ। ਧੰਨਵਾਦ ਦੀ ਬਿਰਤੀ ਵਿਚੋਂ ਸ਼ਕਤੀ ਪ੍ਰਾਪਤ ਕਰੋ।

ਕਈ ਵਿਅਕਤੀ ਕਹਿੰਦੇ ਹਨ : ਜੇ ਮੇਰੀ ਆਮਦਨ ਦੁੱਗਣੀ ਹੋ ਜਾਵੇ ਤਾਂ ਮੈਂ ਧੰਨਵਾਦੀ ਹੋਵਾਂਗਾ। ਅਜਿਹੇ ਵਿਅਕਤੀਆਂ ਨੂੰ ਮੇਰਾ ਸੁਝਾਅ ਹੈ ਕਿ ਜਿਨ੍ਹਾਂ ਦੀ ਆਮਦਨ ਉਨ੍ਹਾਂ ਨਾਲੋਂ ਦੁੱਗਣੀ ਹੈ, ਉਨ੍ਹਾਂ ਨੂੰ ਮਿਲ ਕੇ ਵੇਖ ਲੈਣ, ਕੀ ਉਹ ਪ੍ਰਸੰਨ ਹਨ। ਅਸੀਂ ਇਸ ਲਈ ਪ੍ਰਸੰਨ ਨਹੀਂ ਕਿਉਂਕਿ ਅਸੀਂ ਪ੍ਰਸੰਨ ਨਹੀਂ ਹੋਣਾ ਚਾਹੁੰਦੇ, ਅਸੀਂ ਦੂਜਿਆਂ ਨਾਲੋਂ ਵਧੇਰੇ ਪ੍ਰਸੰਨ ਹੋਣਾ ਚਾਹੁੰਦੇ ਹਾਂ। ਕਈ ਵਿਅਕਤੀ ਕਹਿੰਦੇ ਹਨ ਕਿ ਮੈਂ ਉਦੋਂ ਪ੍ਰਸੰਨ ਹੋਵਾਂਗਾ ਜਦੋਂ ਮੇਰੀ ਤਰੱਕੀ ਹੋ ਗਈ, ਜਦੋਂ ਮੈਂ ਮਕਾਨ ਪਾ ਲਿਆ, ਜਦੋਂ ਮੈਂ ਬੱਚੇ ਵਿਆਹ ਦਿੱਤੇ ਆਦਿ। ਅਜਿਹੇ ਵਿਅਕਤੀ ਕਦੇ ਵੀ ਪ੍ਰਸੰਨ ਨਹੀਂ ਹੋਣਗੇ ਕਿਉਂਕਿ ਉਨ੍ਹਾਂ ਕੋਲ ਜੋ ਕੁਝ ਹੈ ਉਹ ਵੀ ਕਿਸੇ ਪੱਖੋਂ ਘੱਟ ਨਹੀਂ। ਜਦੋਂ ਧੰਨਵਾਦੀ ਹੋਣ ਦੀ ਭਾਵਨਾ ਨਾ ਹੋਵੇ ਤਾਂ ਕੋਈ ਵੀ ਪ੍ਰਾਪਤੀ ਸੰਤੁਸ਼ਟ ਨਹੀਂ ਕਰਦੀ।

ਬਚਪਨ ਵਿਚ ਮੈਂ ਇਕ ਸੰਤ ਜੀ ਕੋਲ ਜਾਇਆ ਕਰਦਾ ਸਾਂ। ਬੜੇ ਅਰਸੇ ਪਿਛੋਂ ਉਨ੍ਹਾਂ ਨਾਲ ਪਿਛਲੇ ਮਹੀਨੇ ਫਿਰ ਮੇਲ ਹੋਇਆ, ਪਰ ਉਹ ਉਦਾਸ ਸਨ। ਮੈਂ ਉਨ੍ਹਾਂ ਨੂੰ ਪੁਛਿਆ : ਤੁਹਾਡੇ ਇਤਨੇ ਸ਼ਰਧਾਲੂ ਹਨ ਫਿਰ ਵੀ ਤੁਸੀਂ ਉਦਾਸ ਕਿਉਂ ਹੋ ? ਉਨ੍ਹਾਂ ਦਾ ਉੱਤਰ ਬੜਾ ਅਰਥਪੂਰਨ ਸੀ। ਉਨ੍ਹਾਂ ਕਿਹਾ ਸ਼ਰਧਾਲੂ ਬੇਸ਼ੁਮਾਰ ਮਿਲੇ ਹਨ, ਜਗਿਆਸੂ ਕੋਈ ਨਹੀਂ ਮਿਲਿਆ। ਇਵੇਂ ਹੀ ਅਧਿਆਪਕ ਨਿਰਾਸ਼



Sri Satguru Jagjit Singh Ji eLibrary NamdhariElibrary@gmail.com

ਹਨ। ਉਹ ਕਹਿੰਦੇ ਹਨ ਇਮਤਿਹਾਨ ਪਾਸ ਕਰਨ ਵਾਲੇ ਕਈ ਆਏ, ਪਰ ਕੋਈ ਵਿਦਿਆਰਥੀ ਨਹੀਂ ਆਇਆ। ਦੁਕਾਨਦਾਰ ਵੀ ਮਾਯੂਸ ਹੋ ਕੇ ਕਹਿੰਦੇ ਹਨ : ਚੀਜ਼ਾਂ ਵੇਚਣ-ਖਰੀਦਣ ਵਾਲੇ ਬੜੇ ਆਏ, ਪਰ ਕੋਈ ਅਜਿਹਾ ਗਾਹਕ ਨਹੀਂ ਆਇਆ ਜਿਸ ਨਾਲ ਬਿਨਾਂ ਸੌਦਾ ਕੀਤੇ, ਬਿਨਾਂ ਤੋਲੇ, ਲੈਣ-ਦੇਣ ਕੀਤਾ ਹੋਵੇ। ਇਸਤਰੀ ਵੀ ਪ੍ਰੇਸ਼ਾਨ ਹੋ ਕੇ ਕਹਿੰਦੀ ਹੈ : ਸਰੀਰ ਨੂੰ ਭੋਗਣ ਵਾਲੇ ਕਈ ਮਿਲੇ ਪਰ ਪਿਆਰ ਕਰਨ ਵਾਲਾ ਕੋਈ ਨਹੀਂ ਬਹੁੜਿਆ। ਉਦਾਸੀ, ਨਿਰਾਸਤਾ, ਮਾਯੂਸੀ ਅਤੇ ਉਪਰਾਮਤਾ ਆਦਿ ਮਨ ਦੀਆਂ ਸਥਿਤੀਆਂ, ਧੰਨਵਾਦ ਦੀ ਭਾਵਨਾ ਦੀ ਅਣਹੋਂਦ ਕਾਰਨ ਜਨਮਦੀਆਂ ਹਨ।

ਮੈਂ ਇਕ ਇਸਤਰੀ ਨੂੰ ਜਾਣਦਾ ਹਾਂ, ਜਿਸ ਦੇ ਚਾਰ ਪੁੱਤਰ ਹਨ, ਪਰ ਕੋਈ ਵੀ ਉਸ ਨੂੰ ਆਪਣੇ ਕੋਲ ਰਖਣ ਲਈ ਤਿਆਰ ਨਹੀਂ। ਉਹ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਬਚਪਨ ਵਿਚ ਕਿਹਾ ਕਰਦੀ ਸੀ : ਤੁਹਾਡਾ ਪਿਓ ਲਿਆਉਂਦਾ ਹੀ ਕੀ ਹੈ, ਉਸ ਨੇ ਤਾਂ ਤੁਹਾਨੂੰ ਤੇ ਮੈਨੂੰ ਮੰਗਤੇ ਬਣਾ ਦਿਤਾ। ਇਵੇਂ ਉਸ ਨੇ ਆਪਣੇ ਬੱਚਿਆਂ ਵਿਚ ਧੰਨਵਾਦ ਦੀ ਭਾਵਨਾ ਉਪਜਣ ਹੀ ਨਾ ਦਿਤੀ। ਇਵੇਂ ਹੀ ਇਕ ਹੋਰ ਦ੍ਰਿਸ਼ ਹੈ ਜਿਥੇ ਮਾਂ ਆਪਣੇ ਬੱਚਿਆਂ ਨੂੰ ਖਾਣਾ ਖੁਆਉਣ ਸਮੇਂ ਕਹਿੰਦੀ ਹੈ : ਆਪਣੇ ਰਾਜੇ ਪਿਤਾ ਦਾ ਧੰਨਵਾਦ ਕਰੋ ਜਿਸ ਦੀ ਮਿਹਨਤ ਸਦਕਾ ਤੁਸੀਂ ਸੁਖ-ਆਰਾਮ ਤੇ ਖੁਸ਼ਹਾਲੀ ਦਾ ਜੀਵਨ ਜਿਊ ਰਹੇ ਹੋ। ਪਰਮਾਤਮਾ ਦਾ ਧੰਨਵਾਦ ਕਰੋ ਜਿਸ ਨੇ ਤੁਹਾਨੂੰ ਅਜਿਹਾ ਪਿਤਾ ਦਿਤਾ ਹੈ।

ਨਿਰਸੰਦੇਹ ਧੰਨਵਾਦ ਦੀ ਭਾਵਨਾ ਤੋਂ ਬਿਨਾਂ ਪਤੀ-ਪਤਨੀ ਦੇ ਰਿਸ਼ਤੇ ਵਿਚ ਟਿਕਾਓ ਅਤੇ ਭਰੋਸਾ ਉਪਜ ਹੀ ਨਹੀਂ ਸਕਦਾ। ਜੇ ਤੁਸੀਂ ਕਿਸੇ ਨੂੰ ਕਹੋ ਕਿ ਤੂੰ ਜੋ ਆਖੇਂਗਾ, ਮੈਂ ਉਵੇਂ ਕਰਾਂਗਾ। ਉਸ ਦੇ ਆਖਣ ਦਾ ਅੰਦਾਜ਼ ਹੀ ਬਦਲ ਜਾਵੇਗਾ। ਉਹ ਇਸ ਭਰੋਸੇ ਕਾਰਨ ਹੀ ਇਕ ਜ਼ਿੰਮੇਵਾਰ ਵਿਅਕਤੀ ਹੋ ਨਿਬੜੇਗਾ। ਵਿਆਹ ਵਿਚ ਵੀ ਇਵੇਂ ਹੀ ਹੁੰਦਾ ਹੈ। ਵਿਆਹ ਨਾਲ ਸਾਨੂੰ ਜੀਵਨ-ਭਰ ਗੱਲਾਂ ਕਰਨ ਲਈ ਇਕ ਵਿਸ਼ਵਾਸਯੋਗ ਸਾਥੀ ਮਿਲ ਜਾਂਦਾ ਹੈ। ਜੇ ਪਤਨੀ ਦਾ ਭਰੋਸਾ ਬਣਿਆ ਰਹੇ ਤਾਂ ਪਤੀ ਸਾਰੇ ਸੰਸਾਰ ਦੀ ਵਿਰੋਧਤਾ ਖਿੜੇ-ਮੱਥੇ ਸਹਾਰ ਲੈਂਦਾ ਹੈ।

ਕੁਝ ਪ੍ਰਾਪਤ ਕਰ ਲੈਣਾ, ਭਾਵੇਂ ਪਤਨੀ ਦਾ ਭਰੋਸਾ ਹੀ ਕਿਉਂ ਨਾ ਪ੍ਰਾਪਤ ਕਰਨਾ ਹੋਵੇ, ਉਤਨਾ ਮਹੱਤਵਪੂਰਨ ਨਹੀਂ ਜਿਤਨਾ ਮਹੱਤਵਪੂਰਨ ਉਸ ਨੂੰ ਪ੍ਰਾਪਤ ਕਰਨ ਦੀ ਕਿਰਿਆ ਵਿਚੋਂ ਲੰਘਣਾ ਹੁੰਦਾ ਹੈ। ਇਹ ਯਾਦ ਰੱਖਣਾ ਹੀ ਬੜਾ ਜ਼ਰੂਰੀ ਹੈ ਕਿ ਅਸੀਂ ਜੋ ਕੁਝ ਵੀ ਪ੍ਰਾਪਤ ਕਰਦੇ ਹਾਂ ਉਸ ਵਿਚ ਸਾਡੇ ਨਾਲ ਜੁੜੇ ਅਨੇਕਾਂ ਵਿਅਕਤੀਆਂ ਦਾ ਉਲੇਖਯੋਗ ਯੋਗਦਾਨ ਹੁੰਦਾ ਹੈ ਸੋ ਉਨ੍ਹਾਂ ਦਾ ਧੰਨਵਾਦ ਕਰਨਾ ਨਹੀਂ ਭੁਲਣਾ ਚਾਹੀਦਾ। ਧੰਨਵਾਦ ਤਾਂ ਆਪਣੇ ਵਿਰੋਧੀਆਂ ਦਾ ਵੀ ਕਰਨਾ ਚਾਹੀਦਾ ਹੈ ਕਿਉਂਕਿ ਸਾਡੇ ਵਿਚ ਮਹੱਤਵ-ਪੂਰਨ ਵਿਕਾਸ ਉਨ੍ਹਾਂ ਦੇ ਵਿਰੋਧ ਕਾਰਨ ਹੀ ਆਉਂਦਾ ਹੈ। ਜੇ ਸੰਸਾਰ ਵਿਚ ਦੁਸ਼ਮਣ ਨਾ ਹੁੰਦੇ ਤਾਂ ਦੋਸਤਾਂ ਦੀ ਲੋੜ ਨਾ ਪੈਂਦੀ। ਜੇ ਨਿਰਪੱਖ ਹੋ ਕੇ ਸੋਚਿਆ ਜਾਵੇ ਤਾਂ ਸਾਡੇ ਦੁਸ਼ਮਣ ਸਾਡੇ ਨਾਲ ਸਬੰਧ ਬਣਾਈ ਰੱਖਣ ਵਾਸਤੇ ਸਾਡੇ ਦੋਸਤਾਂ ਨਾਲੋਂ ਵੀ ਵਧੇਰੇ ਸੋਚਦੇ ਹਨ। ਦੁਸ਼ਮਣੀ ਵੀ ਇਕ ਰਿਸ਼ਤਾ ਹੈ। ਰਿਸ਼ਤਾ ਕੋਈ ਵੀ ਹੋਵੇ ਉਸ ਪ੍ਰਤੀ ਧੰਨਵਾਦੀ ਹੋ ਕੇ ਅਸੀਂ ਉਸ ਨੂੰ ਆਪਣੇ ਪੱਖ ਵਿਚ ਵਰਤ ਸਕਦੇ ਹਾਂ।

ਇਕ ਵਾਰੀ ਸਾਡੇ ਭੂਗੋਲ ਦੇ ਪ੍ਰੋਫੈਸਰ ਸਾਹਿਬ ਨੂੰ ਇਕ ਵਿਦਿਆਰਥੀ ਨੇ ਪੁਛਿਆ ਕਿ ਤੁਸੀਂ ਕਹਿੰਦੇ ਹੋ ਕਿ ਸੰਸਾਰ ਦੀ ਸਾਰੀ ਆਬਾਦੀ ਪੰਜਾਬ ਵਿਚ ਸਮਾ ਸਕਦੀ ਹੈ, ਇਹ ਕਿਵੇਂ ਸੰਭਵ ਹੋ ਸਕਦਾ ਹੈ ? ਉੱਤਰ ਮਿਲਿਆ ਕਿ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਸੰਸਾਰ ਦੀ ਕੁਲ ਆਬਾਦੀ ਵਿਚ ਦੋਸਤੀ ਅਤੇ ਧੰਨਵਾਦ ਦੀ ਭਾਵਨਾ ਹੋਵੇ।

ਧੰਨਵਾਦ ਦੀ ਭਾਵਨਾ ਦੀ ਘਾਟ ਕਾਰਨ ਹੀ ਅਸੀਂ ਜਲਦੀ ਥੱਕਦੇ ਹਾਂ, ਵਧੇਰੇ ਚੀਜ਼ਾਂ ਖਰੀਦਦੇ ਹਾਂ ਅਤੇ ਵਧੇਰੇ ਖਰਚ ਕਰਦੇ ਹਾਂ। ਮੇਰੇ ਇਕ ਡਾਕਟਰ ਮਿੱਤਰ ਹਨ। ਉਹ ਇਕ ਹੱਥ ਨਾਲ ਵੀ ਤਾੜੀ ਮਾਰ ਸਕਦੇ ਹਨ। ਉਨ੍ਹਾਂ ਨੂੰ ਤਾੜੀ ਮਾਰਨ ਲਈ ਕਦੀ ਵੀ ਆਪਣਾ ਦੂਜਾ ਹੱਥ ਵਰਤਣ ਦੀ ਲੋੜ ਨਹੀਂ ਪਈ। ਉਹ ਅਜਿਹੇ ਡਾਕਟਰ ਹਨ ਜਿਨ੍ਹਾਂ ਦਾ ਹਰ ਮਰੀਜ਼ ਉਨ੍ਹਾਂ ਦਾ ਦੋਸਤ ਬਣ ਜਾਂਦਾ ਹੈ। ਉਹ ਖਾਲੀ ਹੱਥਾਂ ਨਾਲ ਹੀ ਦੂਜਿਆਂ ਦੀ ਝੋਲੀ ਭਰ ਦਿੰਦੇ ਹਨ। ਉਹ ਹਰ ਮਰੀਜ਼ ਨੂੰ ਨਵਾਂ ਰਿਸ਼ਤਾ ਉਸਾਰਨ ਦੀ ਦ੍ਰਿਸ਼ਟੀ ਨਾਲ ਵੇਖਦੇ ਹਨ। ਉਹ ਦਵਾਈ ਨਾਲੋਂ ਵਧੇਰੇ ਹਿੰਮਤ ਦਿੰਦੇ ਹਨ। ਕਈ ਵਿਅਕਤੀ ਉਨ੍ਹਾਂ ਪ੍ਰਤੀ ਧੰਨਵਾਦ ਦਾ ਪ੍ਰਗਟਾਵਾ ਕਰਨ ਲਈ ਹੀ ਜਿਊ ਰਹੇ ਹਨ।

ਜਾਪਾਨ ਵਿਚ ਹਰ ਵਪਾਰ ਦਾ ਉਦੇਸ਼ ਗਾਹਕ ਨੂੰ ਪ੍ਰਸੰਨ ਕਰਨਾ ਅਤੇ ਉਸ ਦੇ ਧੰਨਵਾਦ ਦੇ ਯੋਗ ਹੋਣਾ ਹੈ। ਜਾਪਾਨੀ ਕੰਪਨੀਆਂ ਨੂੰ ਮਾਲ ਦੀ ਪੱਧਰ ਉਤੇ ਇਤਨਾ ਵਧੇਰੇ ਭਰੋਸਾ ਹੈ ਕਿ ਕੋਈ ਗਾਹਕ ਕਿਸੇ ਖਰੀਦੀ ਚੀਜ਼ ਦਾ ਕੋਈ ਦੋਸ਼ ਦੱਸੇ ਤਾਂ ਉਹ ਚੀਜ਼ ਵਾਪਸ ਮੰਗੇ ਬਿਨਾਂ ਹੀ ਨਵੀਂ



Sri Satguru Jagjit Singh Ji eLibrary NamdhariElibrary@gmail.com

ਚੀਜ਼ ਮੁਫਤ ਦੇ ਦਿਤੀ ਜਾਂਦੀ ਹੈ। ਇਕ ਜਾਪਾਨੀ ਵਪਾਰੀ ਨੇ ਦਸਿਆ ਕਿ ਮਹੀਨੇ ਬੀਤ ਜਾਂਦੇ ਹਨ ਕੋਈ ਸ਼ਿਕਾਇਤ ਕਰਨ ਵਾਲਾ ਗਾਹਕ ਆਉਂਦਿਆਂ-ਆਉਂਦਿਆਂ। ਜਾਪਾਨੀ ਵਪਾਰੀ ਕਹਿੰਦੇ ਹਨ : ਗਾਹਕ ਆਉਣਾ ਚਾਹੀਦਾ ਹੈ, ਮੁਨਾਫਾ ਉਸ ਦੇ ਪਿੱਛੇ ਪਿੱਛੇ ਆ ਰਿਹਾ ਹੁੰਦਾ ਹੈ। ਇਵੇਂ ਹੀ ਉਨ੍ਹਾਂ ਦਾ ਅਸੂਲ ਹੈ ਕਿ ਗਾਹਕ ਨੂੰ ਪ੍ਰਸੰਨ ਕੀਤੇ ਬਿਨਾਂ ਉਸ ਦੇ ਧੰਨਵਾਦ ਦੇ ਯੋਗ ਹੋਏ ਬਿਨਾਂ ਵਪਾਰ ਵਿਚ ਵਿਕਾਸ ਨਹੀਂ ਕੀਤਾ ਜਾ ਸਕਦਾ। ਇਹ ਅਸੂਲ ਜੀਵਨ ਦੇ ਹਰ ਵਟਾਂਦਰੇ ਤੇ ਲਾਗੂ ਕੀਤਾ ਜਾ ਸਕਦਾ ਹੈ।

ਧੰਨਵਾਦ ਦੀ ਮੁਢਲੀ ਬਿਰਤੀ ਅਤੇ ਭਾਵਨਾ ਕੁਦਰਤ ਪ੍ਰਤੀ ਧੰਨਵਾਦ ਦੇ ਹੁਲਾਰੇ ਵਿਚੋਂ ਉਪਜਦੀ ਹੈ। ਕੁਦਰਤ ਸਿਆਣਪਾਂ ਤੋਂ ਮੁਕਤ ਭੋਲੇਪਣ ਦਾ ਕ੍ਰਿਸ਼ਮਾ ਹੈ। ਇਹੀ ਭਾਵਨਾ ਮਾਪਿਆਂ ਪ੍ਰਤੀ ਧੰਨਵਾਦ ਵਿਚ ਪ੍ਰਗਟ ਹੁੰਦੀ ਹੈ ਜਿਹੜੀ ਵਿਕਾਸ ਕਰਦੀ ਹੋਈ ਗੁਰੂ ਅਤੇ ਅਧਿਆਪਕ ਪ੍ਰਤੀ ਧੰਨਵਾਦ ਦਾ ਰੂਪ ਧਾਰ ਲੈਂਦੀ ਹੈ। ਗੁਰੂ ਸਾਨੂੰ ਰੱਬ ਦਾ ਦੀਦਾਰ ਨਹੀਂ ਕਰਵਾਉਂਦੇ, ਉਹ ਤਾਂ ਸਾਡੇ ਰਸਤੇ ਦੀਆਂ ਰੁਕਾਵਟਾਂ ਦੂਰ ਕਰ ਦਿੰਦੇ ਹਨ। ਅਧਿਆਪਕ ਸਾਨੂੰ ਗਿਆਨ ਨਹੀਂ ਦਿੰਦਾ, ਉਹ ਸਾਨੂੰ ਆਪਣੀ ਅਗਿਆਨਤਾ ਤੋਂ ਜਾਣੂ ਕਰਵਾ ਦਿੰਦਾ ਹੈ। ਗੁਰੂ ਸਾਨੂੰ ਆਪਣੇ ਅੰਦਰਲੇ ਨੂਰ ਨਾਲ ਪ੍ਰਭਾਵਿਤ ਕਰਦਾ ਹੈ ਜਦੋਂਕਿ ਅਧਿਆਪਕ ਸਾਨੂੰ ਬਾਹਰਲੇ ਸੰਸਾਰ ਵਰਗੇ ਗਿਆਨ ਦੇ ਪ੍ਰਕਾਸ਼ ਨਾਲ ਮਾਲੋਮਾਲ ਕਰਦਾ ਹੈ। ਗੁਰੂ ਅਤੇ ਅਧਿਆਪਕ ਵਿਚਕਾਰ ਅੰਤਰ ਨੂਰ ਅਤੇ ਪ੍ਰਕਾਸ਼ ਦਾ ਅੰਤਰ ਹੈ। ਗੁਰੂ ਸਾਨੂੰ ਅਨੁਸ਼ਾਸਨਾਂ ਤੋਂ ਪਾਰ ਲੈ ਜਾਂਦਾ ਹੈ ਜਦੋਂਕਿ ਅਧਿਆਪਕ ਸਾਨੂੰ ਸਵੈ ਕਾਬੂ ਦੇ ਮੰਡਲ ਵਿਚ ਪ੍ਰਵੇਸ਼ ਕਰਵਾਉਂਦਾ ਹੈ। ਗੁਰੂ ਸਾਨੂੰ ਆਪਣੀ ਮਿਹਰ ਨਾਲ ਭਰਦਾ ਹੈ ਜਦੋਂਕਿ ਅਧਿਆਪਕ ਸਾਨੂੰ ਆਪਣੇ ਗਿਆਨ ਨਾਲ ਨਿਵਾਜਦਾ ਹੈ। ਜੇ ਅਧਿਆਪਕ ਆਪਣੇ ਗਿਆਨ ਦੀ ਹਉਮੈ ਤੋਂ ਮੁਕਤ ਹੋ ਜਾਵੇ ਤਾਂ ਉਹ ਗੁਰੂ ਹੋ ਨਿਬੜਦਾ ਹੈ। ਅਧਿਆਪਕ ਦੀ ਉਚਤਮ ਅਵਸਥਾ ਗੁਰੂ ਹੋਣ ਦੀ ਪਹਿਲੀ ਅਵਸਥਾ ਹੈ। ਵਿਦਿਆਰਥੀ ਕਈ ਢੰਗਾਂ ਨਾਲ ਆਪਣੇ ਅਧਿਆਪਕਾਂ ਤੋਂ ਲਾਭ ਉਠਾ ਸਕਦੇ ਹਨ, ਪਰ ਇਸ ਲਈ ਇਹ ਜ਼ਰੂਰੀ ਹੈ ਕਿ ਵਿਦਿਆਰਥੀ ਵਿਦਿਆਰਥੀ ਹੋਵੇ ਅਤੇ ਅਧਿਆਪਕ ਅਧਿਆਪਕ ਹੋਵੇ। ਵਿਦਿਆਰਥੀ ਵਲੋਂ ਲਾਭ ਉਠਾਉਣ ਦੇ ਕਈ ਢੰਗ ਹਨ ਜਿਵੇਂ ਨਮਸਕਾਰ ਕਰਕੇ, ਆਦੇਸ਼ ਦੀ ਉਡੀਕ ਕਰਕੇ, ਜਗਿਆਸਾ ਪ੍ਰਗਟਾ ਕੇ, ਸੇਵਾ ਕਰਕੇ, ਧਿਆਨ ਨਾਲ ਸੁਣ ਕੇ ਅਤੇ ਧੰਨਵਾਦੀ ਹੋ ਕੇ। ਅਧਿਆਪਕ ਪਾਰਸ ਹੈ, ਚੁੰਬਕ ਹੈ ਜਦੋਂ ਕਿ ਵਿਦਿਆਰਥੀ ਦੀ ਸਥਿਤੀ ਲੋਹੇ ਵਾਲੀ ਹੈ। ਧੰਨਵਾਦ ਦਾ ਜਜ਼ਬਾ ਇਤਨਾ ਤੀਬਰ ਹੋਣਾ ਚਾਹੀਦਾ ਹੈ ਕਿ ਲੋਹਾ ਪੁਕਾਰ ਉਠੇ ਕਿ ਹੁਣ ਮੈਂ ਪਾਰਸ ਬਿਨਾਂ ਰਹਿ ਨਹੀਂ ਸਕਦਾ, ਹੁਣ ਮੈਂ ਚੁੰਬਕ ਬਿਨਾਂ ਜੀ ਨਹੀਂ ਸਕਦਾ। ਜਦੋਂ ਤਕ ਇਵੇਂ ਨਹੀਂ ਵਾਪਰਦਾ ਵਿਦਿਆ ਪ੍ਰਾਪਤੀ ਤੋਂ ਸਾਨੂੰ ਤਸੱਲੀ ਨਹੀਂ ਮਿਲੇਗੀ।

ਜਿਸ ਅਨੁਪਾਤ ਵਿਚ ਧੰਨਵਾਦ ਦੀ ਭਾਵਨਾ ਸੁੰਗੜਦੀ ਜਾ ਰਹੀ ਹੈ ਉਸੇ ਅਨੁਪਾਤ ਵਿਚ ਨਾਸਤਕਤਾ, ਅਸੰਤੁਸ਼ਟਤਾ, ਸਾੜਾ, ਮੁਕਾਬਲੇ ਦੀ ਬਿਰਤੀ ਅਤੇ ਈਰਖਾ ਵੱਧ ਰਹੇ ਹਨ। ਪ੍ਰਾਪਤੀ ਦੀ ਨਿਰੰਤਰ ਦੌੜ ਸਾਨੂੰ ਧੰਨਵਾਦ ਕਰਨ ਦੀ ਵਿਹਲ ਨਹੀਂ ਦੇ ਰਹੀ। ਧੰਨਵਾਦ ਦੀ ਭਾਵਨਾ ਇਸ ਕਰਕੇ ਵੀ ਘਟ ਰਹੀ ਹੈ ਕਿਉਂਕਿ ਇਹ ਭਾਵਨਾ ਸੱਚੀ ਲਗਨ ਅਤੇ ਸੁੱਚੀ ਮਿਹਨਤ ਵਿਚੋਂ ਉਪਜਦੀ ਹੈ।

ਧੰਨਵਾਦ ਉਦੋਂ ਹੀ ਸੰਭਵ ਹੁੰਦਾ ਹੈ ਜਦੋਂ ਮਨੁਖ ਪ੍ਰਸੰਨ-ਚਿਤ ਹੋਵੇ। ਚਿੰਤਾ ਵਿਚ ਘਿਰਿਆ ਹੋਇਆ ਵਿਅਕਤੀ ਧੰਨਵਾਦ ਨਹੀਂ ਕਰ ਸਕਦਾ। ਵੇਖਿਆ ਗਿਆ ਹੈ ਕਿ ਜਦੋਂ ਅਸੀਂ ਚਿੰਤਤ ਹੁੰਦੇ ਹਾਂ ਤਾਂ ਅਸੀਂ ਆਪਣੀ ਸਾਧਾਰਨ ਮਿਹਨਤ ਦਾ ਵੀ ਤਿਆਗ ਕਰ ਦਿੰਦੇ ਹਾਂ ਅਤੇ ਇਵੇਂ ਚਿੰਤਾ ਕਰਨ ਲਈ ਸਮਾਂ ਵਧਾ ਲੈਂਦੇ ਹਾਂ। ਚਿੰਤਾ ਦਾ ਇਲਾਜ ਕੰਮ ਦਾ ਤਿਆਗ ਨਹੀਂ, ਵਧੇਰੇ ਕੰਮ ਹੈ। ਦੁਖ ਅਤੇ ਚਿੰਤਾ ਵਿਚ ਅਕਸਰ ਜੋ ਕੁਝ ਸਾਡੇ ਕੋਲ ਨਹੀਂ ਹੁੰਦਾ ਅਸੀਂ ਉਸ ਲਈ ਵਿਰਲਾਪ ਕਰਦੇ ਹਾਂ। ਅਜੋਕੇ ਮਨੁਖ ਕੋਲ ਆਪਣੇ ਲਈ ਚਿੰਤਾ, ਮੁਸੀਬਤਾਂ ਅਤੇ ਮੁਸ਼ਕਲਾਂ ਉਪਜਾਉਣ ਲਈ ਵਧੇਰੇ ਸਮਾਂ ਹੈ। ਹਰ ਮਨੁਖ ਜਿਥੇ ਉਹ ਹੈ ਉਥੋਂ ਨੱਸਣ ਦਾ ਯਤਨ ਕਰ ਰਿਹਾ ਹੈ। ਮਨੁੱਖ ਮਨੁੱਖ ਵਾਂਗ ਵਿਹਾਰ ਨਾ ਕਰਨ ਕਰਕੇ ਬੇਚੈਨ ਹੈ। ਮੈਨੂੰ ਹੈਰਾਨੀ ਹੁੰਦੀ ਹੈ ਕਿ ਜਦੋਂ ਮਨੁਖ ਜਾਨਵਰਾਂ ਨਾਲ ਆਪਣਾ ਮੁਕਾਬਲਾ ਕਰਦੇ ਹਨ ਤਾਂ ਉਨ੍ਹਾਂ ਮਨੁੱਖਾਂ ਨੂੰ ਸ਼ਰਮ ਕਿਉਂ ਨਹੀਂ ਆਉਂਦੀ। ਸਾਰੇ ਜੀਵ-ਜੰਤੂ, ਸਿਵਾਇ ਮਨੁੱਖ ਦੇ ਆਪਣੀ ਸਥਿਤੀ ਨਾਲ ਸੰਤੁਸ਼ਟ ਹਨ।

ਧੰਨਵਾਦ ਦੀ ਭਾਵਨਾ ਅਤੇ ਜੀਵਨ ਦੇ ਅਰਥ ਇਸਤਰੀ ਅਤੇ ਪੁਰਸ਼ ਦੋਵਾਂ ਦੇ ਸੰਜੋਗ ਨਾਲ ਉਪਜਦੇ ਹਨ ਪਰ ਪੁਰਸ਼ ਇਕੱਲਾ ਹੀ ਇਨ੍ਹਾਂ ਅਰਥਾਂ ਨੂੰ ਸਿਰਜਣ ਦੀ ਜ਼ਿੱਦ ਕਰ ਰਿਹਾ ਹੈ। ਜ਼ਿੱਦ ਕੋਈ ਵੀ ਹੋਵੇ ਹਾਨੀਕਾਰਕ ਹੁੰਦੀ ਹੈ। ਜ਼ਿੱਦੀ



Sri Satguru Jagjit Singh Ji eLibrary NamdhariElibrary@gmail.com

ਵਿਅਕਤੀ ਹਿੰਸਕ ਹੁੰਦਾ ਹੈ। ਫੌਜੀਆਂ ਨੂੰ ਪੱਖਪਾਤੀ ਸੋਚ ਨਾਲ ਜ਼ਿੱਦੀ ਬਣਾਇਆ ਜਾਂਦਾ ਹੈ। ਜੇ ਫੌਜੀਆਂ ਨੂੰ ਆਪਣੇ ਪਰਿਵਾਰਾਂ ਨਾਲੋਂ ਵਿਛੋੜਿਆ ਨਾ ਜਾਵੇ ਤਾਂ ਉਹ ਲੜਨਗੇ ਨਹੀਂ। ਉਨ੍ਹਾਂ ਨੂੰ ਜੀਵਨ ਦੀਆਂ ਸਾਧਾਰਨ ਖੁਸ਼ੀਆਂ ਤੋਂ ਵਿਰਵਾ ਕਰਕੇ ਹੀ ਲੜਾਇਆ ਜਾ ਸਕਦਾ ਹੈ। ਲੜਾਈ ਵਿਚ ਸਭ ਤੋਂ ਪਹਿਲਾਂ ਧੰਨਵਾਦ ਦੀ ਭਾਵਨਾ ਨੂੰ ਕਤਲ ਕੀਤਾ ਜਾਂਦਾ ਹੈ, ਬਾਕੀ ਤਬਾਹੀ ਇਸ ਕਤਲ ਦੇ ਪਿੱਛੇ ਪਿੱਛੇ ਟੁਰਦੀ ਹੈ। ਤੁਰਕ ਫੌਜਾਂ ਨੇ ਸੰਸਾਰ ਵਿਚ ਤਬਾਹੀ ਦੀਆਂ ਨਵੀਆਂ ਉਦਾਹਰਣਾਂ ਸਥਾਪਤ ਕੀਤੀਆਂ ਹਨ ਅਤੇ ਕਈ ਸਭਿਆਤਾਵਾਂ ਜਿਵੇਂ ਮਿਸਰੀ, ਯੂਨਾਨੀ ਅਤੇ ਰੋਮਨ ਦਾ ਘਾਣ ਕੀਤਾ ਹੈ। ਤੁਰਕਾਂ ਬਾਰੇ ਪ੍ਰਸਿੱਧ ਹੈ ਕਿ ਇਨ੍ਹਾਂ ਫੌਜਾਂ ਦਾ ਉਦੇਸ਼ ਜਿਤਣਾ-ਹਾਰਨਾਂ ਨਹੀਂ ਬਸ ਲੜਦੇ ਲੜਦੇ ਮਰਨਾ ਹੈ। ਇਹ ਸਿਰ ਨਾਲ ਵੀ ਲੜਦੇ ਹਨ ਪਰ ਸਿਰ ਤੋਂ ਬਿਨਾਂ ਇਹ ਵਧੇਰੇ ਯੋਗਤਾ ਨਾਲ ਲੜਦੇ ਹਨ। ਇਹ ਸਿਰ ਕੱਟ ਜਾਣ ਦੇ ਬਾਵਜੂਦ ਲੜਦੇ ਰਹਿੰਦੇ ਹਨ। ਇਨ੍ਹਾਂ ਯੋਧਿਆਂ ਦਾ ਸਿਰ ਕਿਸੇ ਅਰਥ ਨਹੀਂ ਹੁੰਦਾ। ਸਿਰ ਦਾ ਕੰਮ ਹੈ ਸੋਚਣਾ, ਇਹ ਸੋਚ ਨਹੀਂ ਸਕਦੇ, ਇਹ ਲੜ ਹੀ ਸਕਦੇ ਹਨ। ਜੇ ਇਹ ਸੋਚ ਸਕਦੇ ਹੁੰਦੇ ਤਾਂ ਇਨ੍ਹਾਂ ਨੂੰ ਲੜਨ ਦੀ ਲੋੜ ਹੀ ਨਹੀਂ ਸੀ ਪੈਣੀ। ਸਿਰ ਦਾ ਬੋਝ ਉਤਰ ਜਾਣ ਨਾਲ ਇਨ੍ਹਾਂ ਦਾ ਧੜ ਵਧੇਰੇ ਬਹਾਦਰੀ ਨਾਲ ਲੜਦਾ ਹੈ। ਤੁਰਕਾਂ ਨੇ ਕਦੇ ਕਿਸੇ ਦਾ ਧੰਨਵਾਦ ਨਹੀਂ ਕੀਤਾ, ਕਿਸੇ ਨੇ ਤੁਰਕਾਂ ਦਾ ਧੰਨਵਾਦ ਨਹੀਂ ਕੀਤਾ। ਤੁਰਕਾਂ ਦੀ ਕਿਧਰੇ ਵੀ ਪ੍ਰਸੰਸਾ ਨਹੀਂ ਹੋਈ। ਲੜਾਕੀਆਂ ਕੌਮਾਂ ਦਾ ਸੁਭਾਅ ਤੁਰਕਾਂ ਵਾਲਾ ਹੀ ਹੈ। ਧੰਨਵਾਦ ਦੀ ਬਿਰਤੀ ਤੋਂ ਬਿਨਾਂ ਵਿਅਕਤੀ, ਪਰਿਵਾਰ, ਸਮਾਜ ਅਤੇ ਕੌਮ ਆਦਿ ਕਿਸੇ ਵਿਚ ਵੀ ਵਿਕਾਸ ਨਹੀਂ ਵਾਪਰ ਦਾ।

ਦੂਜਿਆਂ ਪ੍ਰਤੀ ਲਾਪ੍ਰਵਾਹੀ ਨਾਲ ਨਾ ਕੋਈ ਰਿਸ਼ਤਾ ਉਸਾਰਿਆ ਜਾ ਸਕਦਾ ਹੈ, ਨਾ ਹੀ ਧੰਨਵਾਦ ਦੇ ਭਾਵ ਉਪਜਦੇ ਹਨ ਅਤੇ ਨਾ ਹੀ ਕੁਝ ਚੰਗਾ ਸਿਰਜਿਆ ਜਾ ਸਕਦਾ ਹੈ। ਲਗਪਗ ਹਰ ਮਨੁਖ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਦੂਜੇ ਉਸ ਬਾਰੇ ਕੀ ਸੋਚਦੇ ਹਨ। ਕੇਵਲ ਮਨੁੱਖ ਹੀ ਆਪਣੀਆਂ ਤਸਵੀਰਾਂ ਖਿਚਵਾਉਂਦਾ ਹੈ, ਕੇਵਲ ਮਨੁੱਖ ਹੀ ਆਪਣੀ ਸ਼ਕਲ ਨਾਲ ਅਸੰਤੁਸ਼ਟ ਹੈ। ਕੇਵਲ ਮਨੁਖ ਨੂੰ ਹੀ ਆਪਣੇ ਨਿਗੁਣੇਪਨ ਦਾ ਅਹਿਸਾਸ ਹੁੰਦਾ ਹੈ। ਇਹ ਅਹਿਸਾਸ ਉਦੋਂ ਹੀ ਹੁੰਦਾ ਹੈ ਜਦੋਂ ਉਹ ਇਕੱਲਾ ਹੁੰਦਾ ਹੈ ਜਾਂ ਇਕੱਲਾ ਰਹਿ ਜਾਂਦਾ ਹੈ। ਜੀਵਨ ਦੀ ਇਹ ਇਕ ਵਾਸਤਵਿਕਤਾ ਹੈ ਕਿ ਮਿੱਤਰਾਂ ਅਤੇ ਸਨੇਹੀਆਂ ਦੇ ਵੱਡੇ ਤਾਣੇ-ਬਾਣੇ ਬਿਨਾਂ ਤੁਹਾਡੀ ਪ੍ਰਸੰਨਤਾ ਨਾ ਸੰਭਵ ਹੁੰਦੀ ਹੈ ਨਾ ਹੀ ਇਹ ਕਿਸੇ ਲੇਖੇ ਲਗਦੀ ਹੈ। ਇਹ ਤਾਣਾ-ਬਾਣਾ ਧੰਨਵਾਦ ਦੀ ਭਾਵਨਾ ਤੋਂ ਬਿਨਾਂ ਉੱਸਰ ਨਹੀਂ ਸਕਦਾ। ਪ੍ਰਸੰਨ ਵਿਅਕਤੀ ਲੜਨ ਵੇਲੇ ਲੜਦੇ ਹਨ, ਅੜਨ ਵੇਲੇ ਅੜਦੇ ਹਨ, ਪਰ ਬਦਲਨ ਵੇਲੇ ਬਦਲਦੇ ਵੀ ਹਨ, ਪ੍ਰਸੰਸਾ ਵੀ ਕਰਦੇ ਹਨ, ਜੇ ਦੁਸ਼ਮਣ ਵੀ ਦਾਦ ਦੇਣ ਦੇ ਯੋਗ ਹੋਵੇ ਤਾਂ ਦਾਦ ਵੀ ਦਿੰਦੇ ਹਨ।

ਜਦੋਂ ਕੋਈ ਵਿਅਕਤੀ ਆਪਣੇ ਆਪ ਨਾਲ ਨਾਰਾਜ਼ ਹੁੰਦਾ ਹੈ ਤਾਂ ਉਹ ਹਰ ਕਿਸੇ ਨਾਲ ਨਾਰਾਜ਼ ਹੋਈ ਜਾਂਦਾ ਹੈ। ਵੱਡੇ ਸ਼ਹਿਰਾਂ ਦੇ ਲੋਕਾਂ ਦੇ ਮੁਕਾਬਲੇ ਛੋਟੇ ਸ਼ਹਿਰਾਂ ਦੇ ਲੋਕ ਘਟ ਨਾਰਾਜ਼ ਹੁੰਦੇ ਹਨ ਅਤੇ ਘੱਟ ਬਹਿਸ ਕਰਦੇ ਹਨ ਕਿਉਂਕਿ ਉਨ੍ਹਾਂ ਨੇ ਕੰਮ ਵੀ ਕਰਨਾ ਹੁੰਦਾ ਅਤੇ ਕੰਮ ਵਿਚ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਵੀ ਕਰਨਾ ਹੁੰਦਾ ਹੈ।

ਕਹਿੰਦੇ ਹਨ ਜੋ ਦੇ ਰਿਹਾ ਹੈ, ਉਸ ਦਾ ਦੇਣਾ ਹੀ ਉਸ ਚੀਜ਼ ਨੂੰ ਮੂਲਵਾਨ ਬਣਾ ਰਿਹਾ ਹੈ, ਇਸ ਲਈ ਉਸ ਦਾ ਧੰਨਵਾਦ ਕਰੋ। ਹਨੇਰੀ ਵਿਚ ਜਾਂ ਹੜ੍ਹ ਵਿਚ ਕੁਝ ਵੀ ਦੇਣ ਦੀ ਸਮਰੱਥਾ ਨਹੀਂ ਹੁੰਦੀ ਸੋ ਕੋਈ ਵੀ ਨਾ ਇਨ੍ਹਾਂ ਦੀ ਉਡੀਕ ਕਰਦਾ ਹੈ ਨਾ ਧੰਨਵਾਦ ਕਰਦਾ ਹੈ। ਰੱਬ ਨੇ ਜਿਸ ਨੂੰ ਤਬਾਹ ਕਰਨਾ ਹੁੰਦਾ ਹੈ ਉਸ ਦਾ ਆਪਣੇ ਆਪ ਵਿਚ ਭਰੋਸਾ ਖੋਹ ਲੈਂਦਾ ਹੈ ਅਤੇ ਰੱਬ ਨੇ ਜਿਸ ਨੂੰ ਬਣਾਉਣਾ ਹੁੰਦਾ ਹੈ ਉਸ ਵਿਚ ਧੰਨਵਾਦ ਕਰਨ ਅਤੇ ਧੰਨਵਾਦੀ ਹੋਣ ਦਾ ਗੁਣ ਉਪਜਾ ਦਿੰਦਾ ਹੈ।

ਨਿੰਦਾ ਦੀ ਹੱਦ ਹੁੰਦੀ ਹੈ, ਧੰਨਵਾਦ ਦੀ ਕੋਈ ਹੱਦ ਨਹੀਂ ਹੁੰਦੀ। ਧੰਨਵਾਦ ਸਾਰੀਆਂ ਹੱਦਾਂ-ਸਰਹੱਦਾਂ ਤੋਂ ਪਾਰ ਜਾਣ ਦਾ ਹੀਲਾ-ਵਸੀਲਾ ਹੈ। ਇਹ ਸਾਰੇ ਜਿੰਦਿਆਂ ਦੀ ਸਾਂਝੀ ਕੁੰਜੀ ਹੈ।

**ਅਸੀਂ ਧੰਨਵਾਦ ਕਰਕੇ ਪ੍ਰਸੰਨ ਨਹੀਂ ਹੁੰਦੇ, ਪ੍ਰਸੰਨ ਹੋਣ ਕਰਕੇ ਹੀ ਧੰਨਵਾਦ ਕਰਦੇ ਹਾਂ।**

(ਪੰਜਾਬੀ ਟ੍ਰਿਬਿਊਨ ਦੇ ਧੰਨਵਾਦ ਨਾਲ)



Sri Satguru Jagjit Singh Ji eLibrary NamdhariElibrary@gmail.com

# ਸਿਆਮ, ਅਰਥਾਤ ਕੁਬੇਰ ਰਾਜ ਦੀ ਯਾਤਰਾ (੨)

—ਅਮਰ ਭਾਰਤੀ

...ਲੰਪਾਂਗ ਇਕ ਛੋਟਾ, ਪਰ ਅਤੀ ਸੁੰਦਰ ਸ਼ਹਿਰ ਹੈ। ਮਾਲ ਨਾਲ ਅੱਟੀਆਂ ਹੋਈਆਂ ਦੁਕਾਨਾਂ, ਦੁਕਾਨਾਂ ਦੇ ਪਿਛੇ ਜਾਂ ਉਪਰ ਰਹਿਣ ਲਈ ਘਰ, ਘਰਾਂ ਵਿਚ ਸਿਆਮੀ ਜ਼ਾਤ ਦੀਆਂ ਅਤਿ ਸੁੱਘੜ, ਅਤਿ ਸੁਸ਼ੀਲ ਸੁੰਦਰ ਸੇਵਕਾਵਾਂ, ਘਰਾਂ ਵਿਚ ਇਕ ਤਰ੍ਹਾਂ ਦੀ ਭਰਪੂਰਤਾ ਦਾ ਡਹਿ ਡਹਿ ਕਰਦਾ ਅਹਿਸਾਸ, ਇਹ ਸਭ ਬੜਾ ਤ੍ਰਿਪਤ ਕਰ ਰਿਹਾ ਸੀ।

ਸਤਿਗੁਰੂ ਜੀ ਵਾਰੀ ਵਾਰੀ ਉਨ੍ਹਾਂ ਸਭਨਾਂ ਘਰਾਂ ਵਿਚ ਆਏ ਜਿਥੇ ਸੰਗਤ ਨੂੰ ਇਸ਼ਨਾਨ ਆਦਿ ਤੇ ਜਲਪਾਨ ਲਈ ਠਹਿਰਾਇਆ ਗਿਆ ਸੀ। ਸਾਡੇ ਕੋਲ ਆਉਂਦਿਆਂ ਹੀ ਆਪ ਨੇ ਪਹਿਲੀ ਨਜ਼ਰੇ ਹੀ ਮੇਰੇ ਚਿਹਰੇ ਤੋਂ ਕਲ੍ਹ ਦੁਪਹਿਰ ਤੋਂ ਲੈ ਕੇ ਰਾਤ ਭਰ ਦੀ ਕਹਾਣੀ ਪੜ੍ਹ ਲਈ ਤੇ ਉਸ ਦੇ ਪ੍ਰਤੀ ਆਪਣੀ ਚਿੰਤਾ ਪ੍ਰਗਟ ਕਰਕੇ ਸਾਡੇ ਕੁਝ ਕੁ ਵਿਅਕਤੀਆਂ ਲਈ ਆਰਾਮ ਦੀ ਉਚੇਚੀ ਵਿਵਸਥਾ ਕਰਵਾ ਦਿਤੀ। ਇਕ ਵਧੀਆ ਹੋਟਲ ਵਿਚ ਤੁਰੰਤ ਹੀ ਕੁਝ ਕਮਰੇ ਲੈ ਲਏ ਗਏ ਤੇ ਉਥੇ ਜਾ ਕੇ ਸਾਨੂੰ ਘੜੀ ਭਰ ਸੌਂ ਲੈਣ ਦਾ ਹੁਕਮ ਹੋ ਗਿਆ। ਇਕ ਕਾਰ ਸਾਡੀ ਸੇਵਾ ਵਿਚ ਹਾਜ਼ਰ ਕਰ ਦਿਤੀ ਗਈ ਤਾਂ ਕਿ ਜਦੋਂ ਚਾਹੀਏ ਸ਼ਹਿਰ ਦੀ ਸੈਰ ਕਰ ਆਈਏ। ਦੁਪਹਿਰ ਦਾ ਭੋਜਨ ਵੀ ਸਾਨੂੰ ਉਥੇ ਹੀ ਪੁਚਾ ਦਿਤਾ ਗਿਆ। ਸਾਰਾ ਦਿਨ ਕੁਝ ਆਰਾਮ, ਕੁਝ ਸੈਰ ਤੇ ਫਿਰ ਆਰਾਮ ਕਰਨ ਤੋਂ ਬਾਅਦ ਅਸੀਂ ਤਰੋਤਾਜ਼ਾ ਹੋ ਕੇ ਸ਼ਾਮ ਨੂੰ ਜਗਤ ਸਿੰਘ ਜੀ ਦੇ ਘਰ ਦੀਵਾਨ ਵਿਚ ਜਾ ਹਾਜ਼ਰ ਹੋਏ।

ਦੀਵਾਨ ਦੀ ਸਮਾਪਤੀ ਤੋਂ ਬਾਅਦ ਰਾਤ ਦਾ ਭੋਜਨ ਛਕਿਆ ਤੇ ਫਿਰ ਉਥੋਂ ਲਗਪਗ ਸੌ ਕਿਲੋਮੀਟਰ ਦੂਰ ਸਥਿਤ ਚੰਗਮਈ ਨੂੰ ਚਲ ਪਏ। ਲੰਪਾਂਗ ਤੋਂ ਚੰਗਮਈ ਤਕ ਦੀ ਯਾਤਰਾ ਲਈ ਲੰਪਾਂਗ ਤੋਂ ਬੱਸਾਂ ਦਾ ਬੰਦੋਬਸਤ ਸੀ। ਸਤਿਗੁਰੂ ਜੀ ਨੇ ਸਾਡੀ ਪਹਿਲੇ ਦਿਨ ਦੀ ਔਖਿਆਈ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਆਪੀਂ ਮੋਟਰ ਕਾਰ ਵਿਚ ਜਾਣ ਦੀ ਥਾਂ ਸਾਡੇ ਨਾਲ ਹੀ ਬੱਸ ਵਿਚ ਜਾਣ ਦਾ ਫੈਸਲਾ ਕਰਕੇ ਸਾਡੀਆਂ ਸਾਰੀਆਂ ਸ਼ਿਕਾਇਤਾਂ ਨੂੰ ਖੁਸ਼ੀਆਂ ਵਿਚ ਬਦਲ ਦਿਤਾ। ਲੰਪਾਂਗ ਤੋਂ ਚੰਗਮਈ ਤਕ ਦਾ ਸਾਰਾ ਸਫ਼ਰ ਅਰਧ ਪਹਾੜੀ ਜਿਹਾ ਹੈ। ਉਸ ਰਾਤ ਦੇ ਧੁੰਦਲਕੇ ਵਿਚ ਸੜਕ ਦੇ ਨਾਲ ਨਾਲ ਤੁਰਦੇ ਦਿਸਦੇ ਪਹਾੜ ਵਿਚ ਅੱਗ ਦੀ ਇਕ ਅਮੁਕ ਰੇਖਾ ਪਹਾੜ ਦੀ ਹੋਂਦ ਵੀ ਜਤਾਈ ਜਾ ਰਹੀ ਸੀ ਤੇ ਪਹਾੜ ਦੇ ਚੁਫੇਰੇ ਨੂੰ ਜਗਮਗਾਉਂਦੀ ਵੀ ਜਾਂਦੀ ਸੀ। ਉਹ ਅਗਨੀ-ਰੇਖਾ ਉਸ ਅੱਗ ਦੀ ਸੀ ਜਿਹੜੀ ਜਾਂ ਤੇ ਸ਼ਾਇਦ ਵਾਧੂ ਘਾਟੂ ਝਾੜੀਆਂ ਬੂਟਿਆਂ ਤੋਂ ਜੰਗਲ ਨੂੰ ਸਾਫ ਕਰਨ ਲਈ ਸੀ—ਜਾਂ ਫਿਰ ਸਾਡੇ ਦੇਸ਼ ਦੇ ਬਿਹਾਰ ਪ੍ਰਾਂਤ ਵਿਚ ਸਥਿਤ ਪਹਾੜੀ ਸੰਥਾਲ ਪਰਗਨਾ ਦੀ ਜੂਮ ਚਾਸ਼ (ਜੂਮ ਖੇਤੀ) ਨਾਲ ਮਿਲਦੀ-ਜੁਲਦੀ ਸੀ—ਜਿਸ ਅਨੁਸਾਰ ਜੰਗਲ ਵਿਚ ਅੱਗ ਬਾਲ ਕੇ ਉਸ ਵਿਚ ਝਾੜੀਆਂ ਪੱਤਿਆਂ ਨੂੰ ਸਾੜ ਕੇ ਉਨ੍ਹਾਂ ਤੋਂ ਖਾਦ ਆਦਿ ਦਾ ਕੰਮ ਲਿਆ ਜਾਂਦਾ ਹੈ।

ਦੋ ਕੁ ਘੰਟਿਆਂ ਵਿਚ ਸਾਡਾ ਕਾਫ਼ਲਾ ਚੰਗਮਈ ਦੇ ਸ਼ਾਂਗ ਮੋਏ, ਬਾਜ਼ਾਰ ਵਿਚ ਜਾ ਪੁਜਾ, ਜਿਥੇ ਚੰਗਮਈ ਦੀ ਨਾਮਧਾਰੀ ਸੰਗਤ ਦੇ ਸੂਬਾ ਦੀਵਾਨ ਸਿੰਘ ਜੀ ਦੀ ਅਗਵਾਈ ਵਿਚ ਉਥੋਂ ਦੀ ਨਾਮਧਾਰੀ ਸੰਗਤ ਸਵਾਗਤ ਵਜੋਂ ਖੜ੍ਹੀ ਸੀ। ਚੰਗਮਈ ਵਿਚ ਨਾਮਧਾਰੀਆਂ ਦੇ ਘਰ ਦਸ ਬਾਰਾਂ ਹਨ ਤੇ ਉਨ੍ਹਾਂ ਵਿਚੋਂ ਬਹੁਤੇ ਏਸੇ ਸ਼ਾਂਗਮੋਏ ਰੋਡ ਉਪਰ ਹੀ ਹਨ। ਅੱਗੇ ਦੁਕਾਨਾਂ ਅਤੇ ਅੰਦਰਵਾਰ ਜਾਂ ਉਪਰ ਨਿਵਾਸ-ਸਥਾਨ।

ਸਵਾਗਤ ਸਤਿਕਾਰ ਤੋਂ ਬਾਅਦ ਕਾਫ਼ਲੇ ਦੇ ਸਾਰੇ ਵਿਅਕਤੀਆਂ ਨੂੰ ਘਰੋ-ਘਰੀ ਵੰਡ ਦਿਤਾ ਗਿਆ। ਸਤਿਗੁਰੂ ਜੀ ਤੇ ਹੋਰ ਕੁਝ ਸਿੰਘਾਂ ਦਾ ਡੇਰਾ ਸੂਬਾ ਦੀਵਾਨ ਸਿੰਘ ਜੀ ਦੇ ਘਰ ਸੀ। ਪ੍ਰੀਤਮ ਸਿੰਘ ਜੀ ਕਵੀ, ਪ੍ਰੀਤਮ ਸਿੰਘ ਜੀ ਐਡੀਟਰ ਆਰਸੀ, ਹਰਭਜਨ ਸਿੰਘ ਜੀ ਰਤਨ, ਸ੍ਰੀ ਇੰਦਰਜੀਤ ਸਿੰਘ ਜੀ ਤੁਲਸੀ ਤੇ ਉਨ੍ਹਾਂ ਦੀ ਸੁਪਤਨੀ, ਹਰਵਿੰਦਰ ਸਿੰਘ ਜੀ ਹੰਸਪਾਲ ਤੇ ਗੁਰਭਜਨ ਸਿੰਘ ਜੀ ਸਮੇਤ ਸਾਡਾ ਡੇਰਾ ਸੂਬਾ ਦੀਵਾਨ ਸਿੰਘ ਜੀ ਦੇ ਸਾਹਮਣੇ ਸੰਤ ਰਤਨ ਸਿੰਘ ਦੇ ਘਰ ਲਗਾ। ਜਲ ਪਾਣੀ, ਦੁੱਧ ਤੇ ਭੋਜਨ ਪਦਾਰਥਾਂ ਦੀ ਸੰਤ ਰਤਨ ਸਿੰਘ ਹੁਰਾਂ ਦੇ ਘਰ ਸਾਡੇ ਲਈ ਲਹਿਰ ਹੀ ਲਗੀ ਰਹੀ। ਉਂਜ ਦੋਹਾਂ ਵੇਲਿਆਂ ਦਾ ਲੰਗਰ ਨਾਮਧਾਰੀ ਧਰਮਸ਼ਾਲਾ ਵਿਚ ਹੀ ਤਿਆਰ ਹੁੰਦਾ ਸੀ ਜੋ ਕਿ ਏਸੇ ਸ਼ਾਂਗਮੋਏ ਬਾਜ਼ਾਰ ਵਿਚ ਬੜੇ ਖ਼ਰਚ ਤੇ ਜੁਗਤ ਨਾਲ ਵਿਸ਼ਾਲ ਆਕਾਰ ਵਿਚ ਬਣਾਈ ਹੋਈ ਹੈ।



Sri Satguru Jagjit Singh Ji eLibrary NamdhariElibrary@gmail.com

ਅਗਲੇ ਦਿਨ ਸਵੇਰ ਤੋਂ ਹੀ ਧਰਮਸਾਲਾ ਵਿਚ ਆਸਾ ਦੀ ਵਾਰ ਅਤੇ ਸ਼ਾਮ ਤੋਂ ਇਕ ਘੰਟੇ ਲਈ ਨਾਮ ਸਿਮਰਨ ਤੇ ਬਾਅਦ ਵਿਚ ਕੀਰਤਨ ਦਾ ਪ੍ਰੋਗਰਾਮ ਚਾਲੂ ਹੋ ਗਿਆ। ਸਵੇਰ ਦੇ ਕਾਰਜ ਕਰਮ ਤੋਂ ਬਾਅਦ ਤੁਰੰਤ ਹੀ ਲੰਗਰ ਛਕਣ ਦਾ ਹੁਕਮ ਹੁੰਦਾ ਅਤੇ ਫਿਰ ਬਾਕੀ ਦਾ ਵਿਚਲਾ ਸਮਾਂ ਚੰਗਮਈ ਦੇ ਦਰਸ਼ਨੀ ਸਥਾਨਾਂ ਦੀ ਯਾਤਰਾ ਵਿਚ ਬਿਤਾਇਆ ਜਾਂਦਾ।

ਸਤਿਗੁਰੂ ਜੀ ਸੁਭਾਵੇਂ ਹੀ ਨਿਤ ਚੱਲਣ ਦੇ, ਨਿਤ ਨਵਾਂ ਕੁਝ ਵੇਖਣ ਦੇ ਅਤੇ ਖਾਸ ਕਰਕੇ ਕੁਦਰਤ ਨਾਲ ਆਪਣੇ ਆਪ ਨੂੰ ਏਕਾਕਾਰ ਕਰਨ ਦੇ ਸ਼ੌਕੀਨ ਹਨ। ਪਿਛਲੇ ਕਈ ਸਾਲਾਂ ਤੋਂ ਜਦੋਂ ਵੀ ਕਦੇ ਸਤਿਗੁਰੂ ਜੀ ਨਾਲ ਕਿਧਰੇ ਜਾਣ ਦਾ ਸੁਭਾਗ ਪ੍ਰਾਪਤ ਹੋਇਆ ਹੈ—ਮੈਂ ਮਹਿਸੂਸ ਕੀਤਾ ਹੈ ਕਿ ਆਪ ਜਦੋਂ ਸਾਨੂੰ ਤੜਕੇ ਉਠ ਕੇ ਸਣਕੇਸੀ ਇਸ਼ਨਾਨ ਆਦਿ ਕਰਕੇ, ਆਸਾ ਦੀ ਵਾਰ ਦਾ ਕੀਰਤਨ ਸੁਣਨ ਤੋਂ ਬਾਅਦ ਫ਼ੌਰਨ ਹੀ ਕਹਿੰਦੇ ਹਨ—"ਚਲੋ—" ਤਾਂ ਭਾਰਤ ਦੇ ਪ੍ਰਾਚੀਨ ਸਾਹਿਤ ਦੇ ਮਹਾਨ ਗ੍ਰੰਥ "ਐਤਰਯ ਬ੍ਰਾਹਮਣ ਦੇ ਇੰਦਰ ਵਲੋਂ ਰੋਹਿਤ ਨੂੰ ਉਪਦੇਸ਼ ਦੇਣ ਵਾਲੀ ਕਹਾਣੀ ਯਾਦ ਆ ਜਾਂਦੀ ਹੈ। ਰਾਜ ਕੁਮਾਰ ਰੋਹਿਤ ਲੰਮੇ ਸਮੇਂ ਤਕ ਚੱਲ ਚੱਲ ਕੇ ਥੱਕ ਕੇ ਕੁਝ ਚਿਰ ਆਰਾਮ ਕਰਨ ਲਈ ਜਦੋਂ ਘਰ ਵਲ ਨੂੰ ਟੁਰਦਾ ਹੈ ਤਦ ਉਸ ਨੂੰ ਇੰਦਰ ਦੇਵਤਾ ਜੋ ਕਿ ਬਿਰਧ ਬ੍ਰਾਹਮਣ ਦੇ ਵੇਸ ਵਿਚ ਉਸ ਦੇ ਨਾਲ ਚਲ ਰਿਹਾ ਹੈ—ਪੰਜ ਉਪਦੇਸ਼ ਦੇਂਦਾ ਹੈ—"ਚਲਦਿਆਂ ਚਲਦਿਆਂ ਜਿਹੜਾ ਥੱਕ ਜਾਂਦਾ ਹੈ ਉਸ ਦੇ ਸਰੀਰ ਦਾ ਅੰਤ ਨਹੀਂ, ਹੇ ਰੋਹਿਤ! ਇਹੋ ਗੱਲ ਅਸੀਂ ਸਦਾ ਤੋਂ ਸੁਣਦੇ ਆ ਰਹੇ ਹਾਂ। ਜਿਹੜਾ ਚਲਦਾ ਹੈ ਉਸ ਨਾਲ ਇੰਦਰ ਦੇਵਤਾ ਵੀ ਸਖਾ ਬਣ ਕੇ ਚਲਦਾ ਹੈ। ਜਿਹੜਾ ਚਲਣਾ ਨਹੀਂ ਚਾਹੁੰਦਾ, ਉਹ ਸਰੇਸ਼ਟ ਜਣ ਹੋਣ ਤੇ ਵੀ ਲਗਾਤਾਰ ਨੀਚ (ਪਾਪ ਵਲ) ਜਾਂਦਾ ਹੈ, ਸੋ ਚਲਦਾ ਚੱਲ, ਚਲਦਾ ਚੱਲ।

"ਜਿਹੜਾ ਚਲਦਾ ਹੈ, ਦੋਹ ਵਲੋਂ ਵੀ ਉਸਦੀ ਅਪੂਰਵ ਸ਼ੋਭਾ ਫੁੱਲਾਂ ਵਾਂਗ ਖਿਲ ਉਠਦੀ ਹੈ, ਉਸ ਦੀ ਆਤਮਾ ਦਿਨੋ-ਦਿਨ ਵਿਗਸਦੀ ਹੈ, ਇਹੋ ਤਾਂ ਵਡੇਰਾ ਫਲ ਹੈ। ਉਸ ਤੋਂ ਬਾਅਦ ਉਸ ਦੇ ਚੱਲਣ ਦੀ ਮਿਹਨਤ ਨਾਲ ਚੱਲਣ ਵਾਲੇ ਖੁਲ੍ਹੇ ਰਾਹ ਉਪਰ ਉਸ ਦੇ ਪਾਪ ਆਪਣੇ ਆਪ ਹੀ ਮੁਰਝਾ ਕੇ ਸੌਂ ਜਾਂਦੇ ਹਨ। ਪਾਪਾਂ ਦੀ ਸਮਸਿਆ ਲਈ ਉਸ ਨੂੰ ਚਿੰਤਾ ਨਹੀਂ ਕਰਨੀ ਪੈਂਦੀ। ਸੋ ਪੁੱਤਰ! ਵਧਦਾ ਚਲ, ਵਧਦਾ ਚਲ।

"ਜਿਹੜਾ ਬੈਠਾ ਰਹਿੰਦਾ ਹੈ, ਉਹਦੇ ਭਾਗ ਵੀ ਬੈਠੇ ਰਹਿੰਦੇ ਨੇ, ਜਿਹੜਾ ਉਠ ਕੇ ਖਲੋ ਜਾਂਦਾ ਹੈ ਉਸ ਦੇ ਭਾਗ ਵੀ ਉਠ ਕੇ ਖਲੋ ਜਾਂਦੇ ਨੇ, ਜਿਹੜਾ ਸੌਂ ਜਾਂਦਾ ਹੈ, ਉਹਦੇ ਭਾਗ ਵੀ ਸੌਂ ਜਾਂਦੇ ਨੇ, ਜਿਹੜਾ ਅਗਾਂਹ ਵਧਦਾ ਜਾਂਦਾ ਹੈ ਉਹਦੇ ਭਾਗ ਵੀ ਅਗਾਂਹ ਵਧਦੇ ਜਾਂਦੇ ਨੇ। ਸੋ ਬੇਟਾ, ਵਧਦਾ ਚੱਲ, ਚਲਦਾ ਚਲ।

"ਸੌਂ ਰਹਿਣਾ ਹੀ ਕਲੀਕਾਲ (ਕਲਿਜੁਗ) ਹੈ। ਜਾਗਣਾ ਦਵਾਪਰ ਹੈ, ਉਠ ਕੇ ਖਲੋਂਦਿਆਂ ਹੀ ਤਰੇਤਾ ਬਣ ਜਾਂਦਾ ਹੈ, ਅਤੇ ਅਗੇ ਵਧਦੇ ਜਾਣਾ ਹੀ ਸਤਿਜੁਗ ਹੈ, ਸੋ ਵਤਸ! ਵਧਦਾ ਚਲ, ਚਲਦਾ ਚਲ।

"ਚਲਣਾ ਹੀ ਅੰਮ੍ਰਿਤ ਦੀ ਪ੍ਰਾਪਤੀ ਹੈ, ਚਲਣਾ ਹੀ ਉਸ ਦਾ ਸਵਾਦ ਭਰਪੂਰ ਫਲ ਹੈ, ਤਕ ਕੇ ਵੇਖ ਔਸ ਸੂਰਜ ਦੇ ਪ੍ਰਕਾਸ਼ ਵਲ, ਜਿਹੜਾ ਸ੍ਰਿਸ਼ਟੀ ਦੇ ਆਰੰਭ ਤੋਂ ਚਲਦਿਆਂ ਚਲਦਿਆਂ ਇਕ ਦਿਨ ਲਈ ਵੀ ਸੁੱਤਾ ਨਹੀਂ। ਸੋ, ਹੇ ਰੋਹਿਤ! ਚਲਦਾ ਚਲ, ਚਲਦਾ ਚਲ।"

ਸਤਿਗੁਰੂ ਜੀ ਨਾਲ ਜਦੋਂ ਵੀ ਕਿਸੇ ਯਾਤਰਾ ਤੇ ਗਏ ਹਾਂ—ਆਪ ਦਾ ਇਹੋ ਹੀ ਕ੍ਰਮ ਵੇਖਣ ਵਿਚ ਆਇਆ ਹੈ—ਤੜਕੇ ਤਿੰਨ ਵਜੇ ਤੋਂ ਆਪ ਦਾ ਨਿਤ ਕਰਮ ਸ਼ੁਰੂ ਹੋ ਜਾਂਦਾ ਹੈ। ਸ਼ੌਚ—ਇਸ਼ਨਾਨ ਆਦਿ ਤੋਂ ਬਾਅਦ ਆਸਾ ਦੀ ਵਾਰ ਦਾ ਕੀਰਤਨ ਤੇ ਫਿਰ ਚਲਣਾ—ਸਾਰਾ ਦਿਨ ਬਿਨਾਂ ਥੱਕਿਆਂ ਚਲਣਾ, ਚਲਣਾ ਤੇ ਸਾਨੂੰ ਚਲਣ ਲਈ ਪ੍ਰੇਰੀ ਰਖਣਾ। ਮੋਟਰ ਵਿਚ, ਗੱਡੀ ਵਿਚ, ਜਹਾਜ਼ ਵਿਚ ਜਾਂ ਪੈਦਲ ਹੀ ਇਹ ਕ੍ਰਮ ਕਦੇ ਨਹੀਂ ਟੁੱਟਦਾ। ਜੋ ਆਪ ਸਾਧ ਸੰਗਤ ਦੇ ਕਿਸੇ ਮਾਮਲੇ ਮੁਕੱਦਮੇ ਨੂੰ ਸੁਨਣ ਸੁਲਝਾਣ ਲਈ ਕਿਤੇ ਅਟਕਦੇ ਜਾਂ ਬਹਿੰਦੇ ਹਨ—ਤਦ ਹੀ ਆਪ ਦਾ ਉਹ ਕ੍ਰਮ ਨਹੀਂ ਟੁੱਟਦਾ। ਆਪ ਗੱਲਬਾਤ ਲਈ ਘਰ ਬਦਲਦੇ ਰਹਿਣਗੇ। ਜੇ ਘਰ ਇਕੋ ਵਿਚ ਰਹਿਣਾ ਜ਼ਰੂਰੀ ਹੋਵੇ ਤਾਂ ਇਕ ਤੋਂ ਵਧ ਵਾਰੀ ਕਮਰੇ ਹੀ ਬਦਲ ਲੈਣਗੇ। ਵਿਚ ਵਿਚ ਮੌਕਾ ਕੱਢ ਕੇ ਕਿਧਿਰਿਉਂ ਹੋ ਆਉਣਾ ਕੁਝ ਵੇਖ ਆਉਣਾ, ਕਿਸੇ ਨੂੰ ਮਿਲ ਆਉਣਾ ਕੁਝ ਨਾ ਕੁਝ ਕਰਦੇ ਰਹਿਣਾ—ਹਮੇਸ਼ਾਂ ਹੀ ਆਪ ਦੀ ਦਿਨ ਚਰਯਾ ਦਾ ਅੰਗ ਰਹਿੰਦਾ ਹੈ।

ਪਰ ਜੇ ਕਦੇ ਖ਼ਾਸ ਤੌਰ ਤੇ ਸਮਾਂ ਕੱਢ ਕੇ ਸਾਡੇ ਜਿਹਾਂ ਨੂੰ ਨਾਲ ਲੈ ਕੇ ਕੇਵਲ ਛੁੱਟੀ ਦੇ ਰਓਂ ਵਿਚ ਬਾਹਰ ਨਿਕਲੇ ਹੋਣ ਤਦ ਤਾਂ ਕੋਈ ਵੀ ਅਨੁਭਵ ਕਰ ਸਕਦਾ ਹੈ ਕਿ ਕਿਵੇਂ ਆਪ ਦੀ ਸਾਰੀ ਕੋਸ਼ਿਸ਼ ਹੁੰਦੀ ਹੈ ਕਿ ਸਾਨੂੰ ਦੂਰ ਤੋਂ ਦੂਰ,



Sri Satguru Jagjit Singh Ji eLibrary NamdhariElibrary@gmail.com

ਔਖੀ ਤੋਂ ਔਖੀ, ਵਚਿੱਤਰ ਤੋਂ ਵਚਿੱਤਰ ਥਾਂ ਤੇ ਲੈ ਜਾਣ। ਜਿਵੇਂ ਆਪ ਸਭ ਕੁਝ ਵੇਖਿਆ ਸਮਝਿਆ ਹੁੰਦਾ ਹੈ—ਠੀਕ ਉਸੇ ਤਰ੍ਹਾਂ ਸਭ ਕੁਝ ਵਿਖਾਣ ਸਮਝਾਣ ਵਿਚ ਆਪ ਇਕ ਖਾਸ ਤਰ੍ਹਾਂ ਦਾ ਆਨੰਦ ਮਹਿਸੂਸ ਕਰਦੇ ਹਨ।

ਠੀਕ ਪਿਛਲੇ ਕਈ ਸਾਲਾਂ ਵਾਂਗ ਅੱਜ ਵੀ ਆਪ ਸਾਨੂੰ ਸਾਰਿਆਂ ਨੂੰ ਨਾਲ ਲੈ ਕੇ ਚੰਗਮਈ ਸ਼ਹਿਰ ਤੋਂ ਕਈ ਮੀਲ ਬਾਹਰ ਉਚੀ ਪਹਾੜੀ ਉਪਰ ਇਕ ਬੁੱਧ ਮੰਦਰ ਅਤੇ ਸ਼ਿਆਮ ਦੇ ਰਾਜੇ ਦਾ ਨਿਵਾਸ-ਸਥਾਨ ਵਿਖਾਣ ਲੈ ਚੱਲੇ।

ਫੂਫਿੰਗ ਰਾਜ ਪ੍ਰਸਾਦ ਵੰਨ-ਸੁਵੰਨੇ ਟਹਿਕਦੇ, ਖਿੜਖਿੜ ਪੈਂਦੇ ਫੁੱਲ ਬੂਟਿਆਂ ਤੇ ਝੂਮ ਝੂਮ ਗਾਉਂਦੇ ਰੁੱਖਾਂ ਦੇ ਜਿਸ ਪਰਵੇਸ਼ ਵਿਚ ਬਣਿਆ ਹੋਇਆ ਹੈ—ਉਹ ਕਿਸੇ ਵੀ ਕਲਾ ਤੇ ਸੌਂਦਰਯ ਪ੍ਰੇਮੀ ਦੀ ਦਾਦ ਲੈਣ ਤੋਂ ਵਾਂਜਿਆਂ ਨਹੀਂ ਰਹਿ ਸਕਦਾ। ਇਹ ਰਾਜ ਪ੍ਰਸਾਦ ਰਾਜੇ ਦੇ ਗਰਮੀਆਂ ਦੇ ਨਿਵਾਸ ਲਈ ਹੈ। ਪਰ ਸਤਿਗੁਰੂ ਜੀ ਸਾਨੂੰ ਜੋ ਵਿਖਾਣਾ ਚਾਹੁੰਦੇ ਸਨ ਉਹ ਅਸਲ ਵਿਚ ਰਾਜ ਪ੍ਰਸਾਦ ਨਹੀਂ—ਸਗੋਂ ਉਸ ਦੇ ਚੁਗਿਰਦੇ ਕੁਦਰਤ ਦਾ ਖੁਲ੍ਹਾ ਡੁਲ੍ਹ ਡੁਲ੍ਹ ਪੈਂਦਾ ਡੋਹ ਡੋਹ ਕਰਦੇ ਫੁੱਲਾਂ ਬੂਟਿਆਂ ਤੇ ਝੂਮਦੇ ਪਹਾੜੀ ਦਰਖਤਾਂ ਦਾ ਅਖੁਟ ਪਸਾਰਾ ਸੀ।

ਆਪ ਨੇ ਮੰਜ਼ਿਲ ਤੋਂ ਦੋ ਤਿੰਨ ਮੀਲ ਉਰੇ ਹੀ ਬੱਸਾਂ ਨੂੰ ਖਲਿਹਾਰ ਕੇ ਖਾਲੀ ਕਰਵਾ ਦਿਤਾ ਤੇ ਕਿਹਾ—ਚਲੋ ਥੋੜ੍ਹਾ ਟੁਰ ਕੇ ਚਲਦੇ ਹਾਂ। ਉਹ ਥੋੜ੍ਹਾ ਟੁਰਨਾ ਹੀ ਸਤਿਜੁਗ ਦੇ ਸਤਿ ਵਿਚ ਪ੍ਰਵੇਸ਼ ਕਰਨ ਬਰਾਬਰ ਸੀ। ਨਾਲ ਟੁਰਨਾ, ਭੱਜਣਾ, ਖੇਡਣਾ, ਕਹਾਣੀਆਂ, ਹਾਸਾ-ਮਜ਼ਾਕ, ਮੌਜ ਮੇਲਾ, ਸ੍ਰੀ ਮਹਿੰਦਰ ਸਿੰਘ ਨਾਇਲਕ ਕੋਲੋਂ ਅੰਗਰੇਜ਼ੀ, ਚੀਨੀ, ਸਿਆਮੀ ਪ੍ਰੀਤ-ਗੀਤ ਸੁਣਨੇ ਤੇ ਸਾਰੇ ਮਾਹੌਲ ਨੂੰ ਹਾਸੇ ਨਾਲ ਗੁੰਜਾ ਦੇਣਾ, ਆਪਣੀ ਕੀਮਤ ਰੱਖਦਾ ਸੀ। ਜਿਹੜੇ ਛੋਹਲੇ ਫੁਰਤੀਲੇ ਤੇ ਇਕਹਿਰੇ ਬਦਨ ਦੇ ਹਨ ਉਹਨਾਂ ਨੂੰ ਅਗਾਂਹ ਵਧ ਜਾਣ ਦਾ ਸਵਾਦ, ਜਿਹੜੇ ਭਾਰੇ ਦੋਹਰੇ ਬਦਨ ਦੇ ਸੇਠ ਸਨ—ਉਨ੍ਹਾਂ ਨੂੰ ਥੋੜ੍ਹਾ ਹੰਭਾ ਕੇ, ਫਿਰ ਥੋੜ੍ਹਾ ਖਲੋ ਕੇ ਉਡੀਕ ਕਰਵਾ ਲੈਣ ਦਾ ਉਚੇਰਾ ਮਾਣ, ਮੇਰੇ ਜਿਹਾਂ ਨੂੰ—ਜਿਹੜੇ ਕਿ ਕਿਸੇ ਵੀ ਕਾਹਲੇ ਨੂੰ ਮੌਕਾ ਦੇਣ ਲਈ ਆਪ ਰਾਹ ਛਡ ਦੇਣ ਦੇ ਆਦੀ ਹਨ—ਘੜੀ ਮੁੜੀ ਆਵਾਜ਼ ਦੇ ਕੇ ਆਪਣੇ ਨਾਲ ਟੋਰ ਲੈਣ ਦਾ ਮਾਨ ਬਖਸ਼ ਦੇਣ ਦਾ ਅਹਿਸਾਸ—ਗੱਲ ਕੀ—ਹਰ ਕਿਸੇ ਲਈ ਇਸ ਟੁਰਨ ਵਿਚ ਕੁਝ ਉਚੇਰਾ, ਕਾਵਿ ਆਪਣਾ ਆਪਣਾ ਜਿਹਾ ਸੀ।

ਸੁਥੇਵ ਮਥਿਯਨ (ਸੁਦੇਵ ਮੰਦਿਰ) ਨਾਮ ਦਾ ਚੀਨੀ ਤਰਜ਼ ਦਾ ਬੁੱਧ ਮੰਦਿਰ ਪਹਾੜੀ ਸੜਕ ਤੋਂ ਵੀ ਉਚੀ ਇਕ ਹੋਰ ਪਹਾੜੀ ਉਪਰ ਸਥਿਤ ਹੈ—ਜਿਥੇ ਜਾਣ ਲਈ ਪੌੜੀਆਂ ਦੀ ਇਕ ਇਹੋ ਜਿਹੀ ਗਿਣਤੀ ਪਾਰ ਕਰਨੀ ਪੈਂਦੀ ਹੈ ਜਿਹੜੀ ਕਿਸੇ ਨੂੰ ਤੇ ਇਸ ਗੱਲ ਦੀ ਯਾਦ ਕਰਵਾਂਦੀ ਰਹੇ ਕਿ ਉਹ ਇਕੋ ਦੌੜ ਵਿਚ ਸਾਰੀਆਂ ਪੌੜੀਆਂ ਚੜ੍ਹ ਗਿਆ ਸੀ, ਕਿਸੇ ਨੂੰ ਤਿੰਨ ਚਾਰ ਵ੍ਹਾਰੀ ਸਾਹ ਲੈ ਲੈ ਕੇ ਚੜ੍ਹਨ ਦੀ, ਕਿਸੇ ਨੂੰ ਰਾਹ ਵਿਚੋਂ ਹੀ ਹੰਭ ਕੇ ਮੁੜ ਜਾਣ ਦੀ ਅਤੇ ਕਿਸੇ ਨੂੰ ਉਪਰ ਝਾਤੀ ਮਾਰ ਕੇ ਹੇਠਾਂ ਹੀ ਬਹਿ ਰਹਿਣ ਦੀ। ਸੁਥੇਵ ਮਥਿਯਨ-ਸੰਸਕ੍ਰਿਤ ਦੇ 'ਸੁਦੇਵ ਮੰਦਿਰ' ਸ਼ਬਦ ਦਾ ਹੀ ਬਦਲਵਾਂ ਸਿਆਮੀ ਰੂਪ ਹੈ ਜਿਸ ਨੂੰ ਸਿਆਮੀ ਭਾਸ਼ਾ ਵਿਚ ਲਿਖਿਆ ਤਾਂ ਸੁਦੇਵ ਮੰਦਿਰ ਹੀ ਜਾਂਦਾ ਹੈ, ਪਰ ਉਚਾਰਨ ਵਿਚ ਜਾ ਕੇ ਸੁਥੇਫ ਮਥਿਯਨ ਹੋ ਜਾਂਦਾ ਹੈ—ਭਗਵਾਨ ਬੁੱਧ ਦੀਆਂ ਅਨੇਕਾਂ ਤਰ੍ਹਾਂ ਦੀਆਂ ਮੂਰਤੀਆਂ ਤੇ ਕਥਾ ਮੂਰਤਾਂ ਨਾਲ ਸੁਸ਼ੋਭਿਤ ਮੰਦਿਰ ਹੈ। ਮੂਰਤੀਆਂ ਸਿਆਮੀ ਵੀ ਹਨ, ਚੀਨੀ ਵੀ ਅਤੇ ਭਾਰਤੀ ਵੀ। ਪਰ ਕਥਾ ਮੂਰਤਾਂ—ਜੋ ਕਿ ਮੰਦਿਰ ਦੇ ਵਿਸ਼ਾਲ ਬਰਾਂਡੇ ਵਿਚ ਦੀਵਾਰਾਂ ਉਪਰ ਵਾਹੀਆਂ ਹੋਈਆਂ ਹਨ—ਠੇਠ ਭਾਰਤੀ ਹਨ। ਮੰਦਿਰ ਦੀ ਇਕ ਸਿਆਮਣ ਬੋਧ ਭਿਖਸ਼ੁਣੀ ਦੀ ਸਹਾਇਤਾ ਅਤੇ ਸਿਆਮ ਦੇ ਇਕ ਲੜਕੇ ਅਜੀਤ ਸਿੰਘ ਵਲੋਂ ਉਸ ਦੀਆਂ ਗੱਲਾਂ ਦੇ ਅਨੁਵਾਦ ਸਹਾਰੇ ਉਹ ਸਾਰੀਆਂ ਕਥਾ ਮੂਰਤਾਂ ਵੇਖੀਆਂ ਗਈਆਂ ਜਿਹੜੀਆਂ ਕਿ ਬੁੱਧ ਦੇ ਜਨਮ, ਉਦਾਸੀ, ਨਗਰ ਭ੍ਰਮਣ, ਬੀਮਾਰ, ਬਿਰਧ ਤੇ ਮੁਰਦਾ ਵੇਖਣ, ਵਿਆਹ, ਸਤਿ ਦੀ ਜਿਗਿਆਸਾ, ਪਤਨੀ ਪੁੱਤਰ ਤੇ ਰਾਜ ਸੁਖ ਦਾ ਤਿਆਗ, ਸੰਨਿਆਸ, ਸਾਧੂਆਂ ਦੀ ਸੰਗਤ, ਗਿਆਨ ਦੀ ਪ੍ਰਾਪਤੀ ਤੇ ਬੁੱਧ ਮਤ ਦੇ ਪਸਾਰ ਨਾਲ ਸੰਬੰਧਤ ਭਾਰਤੀ ਕਥਾ ਦਾ ਹੀ ਰੂਪਾਂਤਰ ਸੀ।

ਵਾਪਸ ਆਣ ਕੇ ਅਸੀਂ ਸਾਰੇ ਵੱਖ ਵੱਖ ਗਰੁੱਪਾਂ ਵਿਚ ਸ਼ਹਿਰ ਦਰਸ਼ਨ ਲਈ ਨਿਕਲ ਟੁਰੇ। ਚੰਗਮਈ ਥਾਈਲੈਂਡ ਦਾ ਅਤਿ ਰਮਣੀਕ ਤੇ ਗਿਣਨ ਯੋਗ ਪਹਾੜੀ ਸ਼ਹਿਰ ਹੈ।

ਚੌੜੀਆਂ ਖੁਲ੍ਹੀਆਂ ਸੜਕਾਂ, ਭਰੀਆਂ ਸਜੀਆਂ ਹੋਈਆਂ ਦੁਕਾਨਾਂ—ਇਜ—ਜਿਵੇਂ ਉਹ ਸਾਰਾ ਸ਼ਹਿਰ ਹੀ ਸਾਡੇ ਆਪਣੇ ਸ਼ਹਿਰ ਦਿੱਲੀ ਦਾ ਕਨਾਟ ਪਲੇਸ ਦਾ ਅੰਦਰਲਾ ਇਲਾਕਾ ਹੋਵੇ, ਬਿਨਾਂ ਮੈਲ ਕੁਚੈਲ ਤੋਂ ਹੁਣੇ ਹੁਣੇ ਨਹਾਤਾ



Sri Satguru Jagjit Singh Ji eLibrary NamdhariElibrary@gmail.com

ਨਜ਼ਾਰਾ ਜਾਪਦਾ ਸਾਰਾ ਸ਼ਹਿਰ ਵਿਸ਼ੇਸ਼ ਆਕਰਸ਼ਨ ਦੀ ਵਸਤੂ ਜਾਪਦਾ ਸੀ ਅਤੇ ਹਰ ਦੁਕਾਨ ਵਿਚ ਸੌਂਦਰਯ ਪ੍ਰਤਿਮਾਵਾਂ ਵਾਂਗ ਸਿਆਮੀ ਸੁੰਦਰੀਆਂ ਖਲੋਤੀਆਂ ਜਾਂ ਬੈਠੀਆਂ ਦਿਸਦੀਆਂ। ਸਾਡੇ ਲਈ ਇਹ ਦ੍ਰਿਸ਼ ਅਨੋਖਾ ਸੀ — ਹਰ ਦੁਕਾਨ ਉਪਰ ਹੀ ਔਰਤਾਂ — ਸੁਣਿਆਂ ਕਿ ਇਸ ਦੇਸ਼ ਵਿਚ ਔਰਤਾਂ, ਮਰਦਾਂ ਦੇ ਬਰਾਬਰ ਹੀ ਸਾਰੇ ਕਾਰੋਬਾਰ ਵਿਚ ਹਿੱਸਾ ਲੈਂਦੀਆਂ ਹਨ। ਇਹ ਵੀ ਸੁਣਿਆ (ਤੇ ਫਿਰ ਬਾਅਦ ਦੀ ਬਾਕੀ ਸਿਆਮ ਯਾਤਰਾ ਵਿਚ ਅਨੁਭਵ ਵੀ ਕੀਤਾ) ਕਿ ਚੰਗਮਈ ਦੇ ਨਾਰੀ-ਪੁਰਸ਼ ਸਾਰੇ ਥਾਈਲੈਂਡ ਵਿਚ ਸੌਂਦਰਯ ਵਲੋਂ ਆਪਣਾ ਸਾਨੀ ਨਹੀਂ ਰੱਖਦੇ। ਉਹ ਲੋਕ ਬੜੀ ਧੀਮੀ ਆਵਾਜ਼ ਵਿਚ ਬੋਲਦੇ, ਕੋਈ ਤਲਖੀ ਨਹੀਂ, ਕੋਈ ਕਾਹਲੀ ਨਹੀਂ — ਕੁੜੀਆਂ ਮੁੰਡਿਆਂ ਦੀ ਸਹਿਜ ਸਾਂਝ ਦਿਸਦੀ, ਪਰ ਕੋਈ ਉਚੇਚਾ ਉਲਾਰ ਨਜ਼ਰ ਨਾਂ ਪੈਂਦਾ। ਜਿਵੇਂ ਸਾਰੇ ਲੋਕ ਕਰਮਸ਼ੀਲ ਹੋਣ, ਆਏ ਗਏ ਦੇ ਸਵਾਗਤ ਵਿਚ ਸਜੇ ਸੰਵਰੇ ਅੱਖਾਂ ਵਿਛਾਈ ਹਾਜ਼ਰ ਹੋਣ। ਸਭ ਲੋਕ ਇਕ ਤਰ੍ਹਾਂ ਦੇ ਆਤਮ ਵਿਸ਼ਵਾਸ਼, ਆਤਮਾਭਿਮਾਨ ਦੇ ਅਹਿਸਾਸ ਹੇਠ ਜਿਉਂਦੇ ਦਿਸ ਰਹੇ ਸਨ — ਬਿਨਾਂ ਕਿਸੇ ਸ਼ਿਕਾਇਤ ਤੋਂ, ਬਿਨਾਂ ਕਿਸੇ ਝੋਰੇ ਤੋਂ, ਤੇ ਬਿਨਾਂ ਕਿਸੇ ਗਿਲਾਨੀ ਤੋਂ। ਚੰਗਮਈ ਸਾਡੇ ਲਈ ਸਦਾ ਆਜ਼ਾਦ ਲੋਕਾਂ ਦਾ ਉਹ ਸ਼ਹਿਰ ਸੀ — ਜਿਸ ਬਾਰੇ ਜਾਪਦਾ ਸੀ ਕਿ ਉਸ ਨੇ ਸਾਡੀ ਵੀ ਆਤਮਾ ਨੂੰ ਛੂਹਿਆ ਹੈ। ਸਾਡੇ ਅੰਦਰ ਵੀ ਆਪਣੇ ਜਿਹੇ ਅਹਿਸਾਸਾਂ ਦਾ ਸੰਚਾਰ ਕਰ ਦਿਤਾ ਹੈ।

ਦੂਸਰਾ ਦਿਨ, ਥਾਈ ਜਰਮਨ ਡੇਰੀ ਫਾਰਮ ਦੀਆਂ ਗਊਆਂ ਤੇ ਦੁੱਧ ਦੇ ਆਟੋਮੈਟਕ ਪਲਾਂਟ ਨੂੰ ਵੇਖਣ ਜਾਣ ਦਾ ਦਿਨ ਸੀ। ਸਤਿਗੁਰੂ ਜੀ ਲਈ ਉਸ ਡੇਰੀ ਦੇ ਜਰਮਨ ਸੰਚਾਲਕਾਂ ਦਾ ਉਚੇਚਾ ਸਦਾ ਸੀ — ਜੋ ਕਿ ਉਹ ਆਪਣੇ ਭਾਰਤ ਦੇ ਦੌਰੇ ਸਮੇਂ ਤੇ ਗਏ ਹੋਏ ਦੇ ਆਏ ਸਨ। ਜਰਮਨ ਮਾਹਰਾਂ ਨੇ ਆਪ ਜੀ ਪਾਸੋਂ ਗਊਆਂ ਦੇ ਕੁਝ ਖਾਸ ਰੋਗਾਂ ਦੇ ਉਪਚਾਰ ਸੰਬੰਧੀ ਜਾਣਕਾਰੀ ਮੰਗੀ ਸੀ।

ਸਤਿਗੁਰੂ ਜੀ ਤੇ ਜਾਂਦਿਆਂ ਹੀ ਜਰਮਨ ਮਾਹਰਾਂ ਨਾਲ ਸਲਾਹ ਮਸ਼ਵਰੇ ਵਿਚ ਲਗ ਗਏ ਅਤੇ ਸਾਨੂੰ ਹੁਕਮ ਹੋਇਆ ਕਿ ਅਸੀਂ ਚੰਗਮਈ ਸ਼ਹਿਰ ਨੂੰ ਡੱਬਿਆਂ ਵਿਚ ਸਪਲਾਈ ਹੋਣ ਵਾਲੇ ਦੁਧ ਦੇ ਆਟੋਮੈਟਕ ਪਲਾਟ ਨੂੰ ਵੇਖ ਲਈਏ।

ਤਰਲ ਦੁੱਧ ਨੂੰ ਡੱਬਾ ਬੰਦ ਜਾਂ ਪਲਾਸਟਕ ਦੀ ਥੈਲੀ ਬੰਦ ਕਰਨ ਦੇ ਆਟੋਮੈਟਿਕ ਪਲਾਂਟ ਨੂੰ ਵੇਖ ਕੇ ਕਈ ਪਾਸਿਆਂ ਤੋਂ ਉਠਦੀ ਇਸ ਚਰਚਾ ਦਾ ਧਿਆਨ ਆ ਗਿਆ ਸੀ ਕਿ ਸਤਿਗੁਰੂ ਜੀ ਮਨੁੱਖ ਦੀਆਂ ਸਾਇੰਸੀ ਪ੍ਰਾਪਤੀਆਂ ਬਾਰੇ ਚੰਗੀ ਰਾਏ ਨਹੀਂ ਰੱਖਦੇ। ਪਰ ਉਸ ਪਲਾਂਟ ਸਾਹਮਣੇ ਖਲੋਤਿਆਂ ਹੋਇਆਂ ਅਤੇ ਹੋਰ ਵੀ ਅਨੇਕਾਂ ਵਾਰੀ ਕਿਸੇ ਵੀ ਨਵੀਂ ਸਾਇੰਸੀ ਉਪਲਭਧੀ ਬਾਰੇ ਬੜੀ ਬਾਰੀਕੀ ਨਾਲ ਜਾਣਕਾਰੀ ਹਾਸਲ ਕਰਦਿਆਂ ਅਤੇ ਦਿਲਚਸਪੀ ਲੈਂਦਿਆਂ ਵੇਖ ਕੇ ਬਾਰ ਬਾਰ ਇਹ ਆਖਣ ਨੂੰ ਜੀ ਕਰਦਾ ਰਿਹਾ ਹੈ ਕਿ ਆਪ ਸਾਇੰਸੀ ਪ੍ਰਾਪਤੀਆਂ ਨੂੰ ਸਦਾ ਸਵਾਗਤਯੋਗ ਹੀ ਨਹੀਂ ਮੰਨਦੇ ਸਗੋਂ ਉਨ੍ਹਾਂ ਨੂੰ ਮਨੁੱਖ ਲਈ ਜ਼ਰੂਰੀ ਵੀ ਸਮਝਦੇ ਹਨ। ਫਰਕ ਹੈ ਤਾਂ ਕੇਵਲ ਇਹੋ ਕਿ ਆਪ ਮਨੁਖ ਨੂੰ ਸਾਇੰਸੀ ਉਪਲਭਧੀਆਂ ਦਾ ਦਾਸ ਨਹੀਂ, ਸਗੋਂ ਉਨ੍ਹਾਂ ਪ੍ਰਾਪਤੀਆਂ ਨੂੰ ਮਨੁਖ ਦੀਆਂ ਸਹਾਇਕ ਦੇ ਰੂਪ ਵਿਚ ਵੇਖਣਾ ਚਾਹੁੰਦੇ ਹਨ।

(ਬਾਕੀ ਅਗਲੇ ਅੰਕ ਵਿਚ)

## ਗ਼ਜ਼ਲ

—ਲਖਵਿੰਦਰ ਸਿੰਘ ਬਾਜਵਾ*

ਕਿੰਦਾਂ ਸੁਣਾਵਾਂ ਪਿਆਰਾਂ ਦੀ ਗੱਲ
ਕਿੱਥੇ ਚਲਾਵਾਂ ਬਹਾਰਾਂ ਦੀ ਗੱਲ
ਰੁੱਖ ਵੈਰਾਨ ਖ਼ਿਜ਼ਾਂਵਾਂ ਨੇ ਕੀਤੇ
ਕੀ ਕਰਾਂ ਰੁੱਖਸਾਰਾਂ ਦੀ ਗੱਲ
ਦੌਲਤ ਨੂੰ ਜਿਹੜਾ ਹੈ ਕਹਿੰਦਾ ਖ਼ੁਦਾਈ
ਉਹ ਕਿਉਂ ਸੁਣਦਾ ਵੀਚਾਰਾਂ ਦੀ ਗੱਲ
ਭੁੱਖੇ ਮੈਂ ਪੇਟ ਕਿੰਦਾਂ ਸੁਣਾਵਾਂ
ਰੱਜ ਰੱਜ ਕੇ ਮਾਰੇ ਡਕਾਰਾਂ ਦੀ ਗੱਲ
ਹਰ ਪਾਸੇ ਹੋ ਰਹੀ ਅਮੀਟਾਂ ਦੀ ਚਰਚਾ
ਸੁਣਦਾ ਨਾ ਕੋਈ ਲਾਚਾਰਾਂ ਦੀ ਗੱਲ
ਮਹਿਲਾਂ ਦੇ ਅੰਦਰ ਵੀ ਡਿਠੇ ਕੋਈ ਕਰਦਾ
ਝੁਗੀ ਦੀਆਂ ਟੁੱਟੀਆਂ ਦੀਵਾਰਾਂ ਦੀ ਗੱਲ ?
ਬਸਤੀ ਦੇ ਹਰ ਬਸ਼ਿੰਦੇ ਦੇ ਮੁੱਖੋਂ
ਤੁਰਦੀ ਮੈਂ ਵੇਖੀ ਮਜ਼ਾਰਾਂ ਦੀ ਗੱਲ
'ਬਾਜਵਾ' ਫ਼ੁੱਲਾਂ ਦੀ ਜ਼ਿੰਦਗੀ ਜਾਂ ਤੱਕਾਂ
ਚੁੱਭਦੀ ਏ ਮੈਨੂੰ ਤਾਂ ਖਾਰਾਂ ਦੀ ਗੱਲ।

*ਪਿੰਡ ਤੇ ਡਾਕ: ਜਗਜੀਤ ਨਗਰ (ਹਰੀਪੁਰਾ)
ਸਿਰਸਾ (ਹਰਿਆਣਾ)



Sri Satguru Jagjit Singh Ji eLibrary NamdhariElibrary@gmail.com

# 'ਮੇਰੀ ਅਧੂਰੀ ਪਾਕਿਸਤਾਨ ਯਾਤਰਾ' ਦਾ ਪਾਠ ਕਰਦਿਆਂ

—ਵਰਿਆਮ ਸਿੰਘ ਸੰਧੂ

ਅਪਣੇ ਹੀ ਜਿਸਮ ਨੂੰ ਵਿਚਕਾਰੋਂ ਚੀਰ ਕੇ ਬਣੇ ਵਾਘਿਓਂ ਪਾਰਲੇ ਪੰਜਾਬ ਨਾਲ ਸਾਡੀ ਲਹੂ ਅਤੇ ਰੂਹ ਦੀ ਸਾਂਝ ਹੈ। ਸਾਡੇ ਵਰਗੇ ਭਾਵੁਕ ਲੋਕਾਂ ਦੇ ਮਨਾਂ ਵਿਚ ਸਾਂਝ ਦਾ ਇਹ ਅਹਿਸਾਸ ਜਿੰਨਾ ਡੂੰਘਾ ਹੈ, ਓਨੀ ਹੀ ਉਸ ਖਿੱਤੇ ਦੇ ਥਾਵਾਂ ਅਤੇ ਲੋਕਾਂ ਨੂੰ ਮਿਲਣ ਤੇ ਜਾਣਨ ਦੀ ਰੀਝ ਗੂੜ੍ਹੀ ਹੈ। ਅੱਧਾ ਕੱਟਿਆ ਧੜ ਕਿਸੇ ਚੁੰਬਕੀ ਖਿੱਚ ਸਦਕਾ ਬਾਕੀ ਅੱਧੇ ਕੱਟੇ ਧੜ ਨਾਲ ਮਿਲਣ ਲਈ ਵਿਲਕਦਾ ਰਹਿੰਦਾ ਹੈ। ਇਹੋ ਵਿਲਕਣੀ ਕਿਧਰੇ ਧੁਰ ਅੰਦਰ ਬੈਠੀ ਹੋਣ ਕਰਕੇ ਜਦੋਂ ਵੀ ਕੋਈ ਓਧਰਲੇ ਪੰਜਾਬ ਦੀ ਗੱਲ ਕਰਦਾ ਹੈ, ਉਥੋਂ ਹੋ ਕੇ ਆਉਣ ਤੋਂ ਪਿਛੋਂ ਅਪਣੇ ਅਨੁਭਵ ਸੁਣਾਉਂਦਾ ਜਾਂ ਲਿਖਦਾ ਹੈ ਤਾਂ ਮੇਰੀ ਉਸ ਵਿਚ ਪਹਿਲੀ ਦਿਲਚਸਪੀ ਹੁੰਦੀ ਹੈ। ਕਹੇ ਗਏ ਸ਼ਬਦਾਂ ਦੀ ਉਂਗਲ ਫੜ ਕੇ ਮੈਂ ਕਦੀ ਲਾਹੌਰ ਦੀਆਂ ਗਲੀਆਂ ਬਜ਼ਾਰਾਂ ਵਿਚ ਘੁੰਮ ਰਿਹਾ ਹੁੰਦਾ ਹਾਂ ਤੇ ਕਦੀ ਨਨਕਾਣੇ ਦੇ ਉਹਨਾਂ ਖੇਤਾਂ ਵਿਚ, ਜਿਥੇ ਬਾਲ ਨਾਨਕ ਦੇ ਕਦਮਾਂ ਦੀ ਪਦ-ਚਾਪ ਅਜੇ ਵੀ ਸੁਣਾਈ ਦਿੰਦੀ ਹੈ। ਮੇਰੀ ਛਾਤੀ ਦੁਆਲੇ ਕੱਸੀ ਬਾਰਡਰ ਦੀ ਪੱਟੀ ਕੁਝ ਢਿੱਲੀ ਹੋ ਜਾਂਦੀ ਹੈ ਤੇ ਮੈਂ ਖੁਲ੍ਹੀ ਹਵਾ ਵਿਚ ਡੂੰਘਾ ਸਾਹ ਭਰ ਕੇ ਡਾਢੀ ਸੌਖ ਮਹਿਸੂਸ ਕਰਦਾ ਹਾਂ। 'ਮੇਰੀ ਅਧੂਰੀ ਪਾਕਿਸਤਾਨ ਯਾਤਰਾ' ਦਾ ਪਾਠ ਕਰਦਿਆਂ ਮੈਨੂੰ ਇੰਝ ਹੀ ਅਹਿਸਾਸ ਹੋਇਆ ਹੈ।

ਇਹਨਾਂ ਭਾਵਾਂ ਦੇ ਪਿਛੋਕੜ ਵਿਚ ਹੀ ਜਦੋਂ ਅਜੀਤ ਕੁਮਾਰ ਦੀ 'ਮੇਰੀ ਅਧੂਰੀ ਪਾਕਿਸਤਾਨ ਯਾਤਰਾ' 'ਰੋਜ਼ਾਨਾਂ ਅਜੀਤ' ਵਿਚ ਛਪਣੀ ਸ਼ੁਰੂ ਹੋਈ ਤਾਂ ਮੈਂ ਇਸ ਨੂੰ ਉੱਡ ਕੇ ਪੜ੍ਹਦਾ। ਪੜ੍ਹਦਿਆਂ ਮੈਨੂੰ ਇਹ ਲੱਗਾ ਕਿ ਅਜੀਤ ਕੁਮਾਰ ਭਾਵੇਂ ਹੈ ਤਾਂ ਸ਼ਾਇਰ, ਪਰ ਉਸ ਨੂੰ ਵਾਰਤਕ ਖੂਬ ਲਿਖਣੀ ਆਉਂਦੀ ਹੈ। ਉਸ ਭੂਗੋਲਿਕ ਖਿੱਤੇ ਬਾਰੇ ਮੈਂ ਭਾਵੇਂ ਡਾਢਾ ਭਾਵੁਕ ਹਾਂ ਪਰ ਲਿਖਤ ਦੀ ਪੱਧਰ ਉਤੇ ਮੈਂ ਖੁਦ ਭਾਵੁਕਤਾ ਤੋਂ ਦੂਰ ਇਕ ਵਿੱਥ ਤੇ ਖੜੋ ਕੇ ਘਟਨਾਵਾਂ, ਥਾਵਾਂ, ਮਨੁਖਾਂ ਤੇ ਜ਼ਿੰਦਗੀ ਨੂੰ ਵੇਖਣ ਦਾ ਚਾਹਵਾਨ ਹਾਂ। ਇਹੋ ਵਿੱਥ ਕਾਇਮ ਰੱਖਣਾ ਹੀ ਅਜੀਤ ਕੁਮਾਰ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਅਤੇ ਇਕ ਚੰਗੀ ਲਿਖਤ ਦੀ ਨਿਸ਼ਾਨੀ ਹੈ। ਉਹ ਇਸ ਯਾਤਰਾ ਬਾਰੇ ਉੱਕਾ ਹੀ ਭਾਵੁਕ ਨਹੀਂ। ਨਾ ਹੀ ਉਸ ਦੀਆਂ ਉਸ ਪੰਜਾਬ ਨਾਲ ਕੋਈ ਪੁਰਾਣੀਆਂ ਨਿੱਜੀ ਯਾਦਾਂ ਜਾਂ ਸਾਂਝਾਂ ਹਨ, ਜਿਨ੍ਹਾਂ ਦੀ ਉਹ ਇਸ ਲਿਖਤ ਵਿਚ ਜੁਗਾਲੀ ਕਰਨੀ ਚਾਹੁੰਦਾ ਹੋਵੇ, ਨਾ ਹੀ ਉਹ ਕੋਈ ਅੰਨ੍ਹਾ ਧਾਰਮਿਕ ਸ਼ਰਧਾਲੂ ਹੈ, ਜਿਸ ਨੂੰ ਲੰਗਰ ਲਈ, ਮਿੱਟੀ ਤੇ ਰੇਤਾ ਵਾਲੇ ਫਰਸ਼ 'ਤੇ ਕੱਟੀਆਂ ਤੇ ਲਿੱਬੜੀਆਂ ਸਬਜ਼ੀਆਂ ਵਿਚ ਸੰਗਤ ਦੀ ਸੁਨਹਿਰੀ 'ਚਰਨ ਧੂੜ' ਨਜ਼ਰ ਆਉਂਦੀ ਹੋਵੇ। ਭਾਵੁਕਤਾ ਤੇ ਸ਼ਰਧਾ ਦੀਆਂ ਰੰਗਦਾਰ ਐਨਕਾਂ ਦੀ ਅਣਹੋਂਦ ਵਿਚ ਉਹ ਯਾਤਰਾ ਦੌਰਾਨ ਵਾਪਰੀ ਹਰ ਘਟਨਾ, ਵਿਅਕਤੀ ਅਤੇ ਵਰਤਾਰੇ ਨੂੰ ਖੁਲ੍ਹੀਆਂ ਅੱਖਾਂ ਨਾਲ ਵੇਖਦਾ ਹੈ ਅਤੇ ਅਪਣਾ ਵੇਖਿਆ ਜਾਚਿਆ ਪਾਠਕ ਨੂੰ ਵਿਖਾਉਣ ਲਈ ਆਲੋਚਨਾਤਮਕ ਦ੍ਰਿਸ਼ਟੀ ਦੀ ਮਿੱਸ ਵੀ ਵਿਚ ਸ਼ਾਮਲ ਕਰ ਲੈਂਦਾ ਹੈ।

ਇੰਜ ਉਸਦੀ ਬੇਲਾਗ ਅਤੇ ਬੇਬਾਕ-ਬਿਆਨੀ ਨਾ ਉਸ ਦਾ ਅਪਣਾ ਲਿਹਾਜ਼ ਕਰਦੀ ਹੈ ਤੇ ਨਾ ਕਿਸੇ ਹੋਰ ਦਾ। ਉਸਦਾ ਕੀਤਾ ਵਿਅੰਗ ਉਸਨੂੰ ਆਪ ਨੂੰ ਵੀ ਲੜਦਾ ਹੈ ਤੇ ਦੂਸਰਿਆਂ ਨੂੰ ਵੀ। ਜੇ ਉਹ ਅਪਣੇ ਘਟ ਘੁੰਮੇ ਫਿਰੇ ਵਿਅਕਤੀ ਹੋਣ ਦਾ, ਨਿਜੀ ਤੰਗਦਸਤੀ ਦਾ, ਅਪਣੀ 'ਛੋਟੀ ਐਡੀਟਰੀ' ਦਾ ਖੁਦ ਵੀ ਮਜ਼ਾਕ ਉਡਾਉਣ ਦੀ ਸਮਰਥਾ ਰਖਦਾ ਹੈ ਤਾਂ ਉਸ ਨੂੰ ਕਸਟਮ ਅਧਿਕਾਰੀਆਂ ਵਲੋਂ ਲਈ ਜਾਂਦੀ ਰਿਸ਼ਵਤ, ਸ਼ਰਧਾਲੂਆਂ ਵਲੋਂ ਗੱਡੀ ਵਿਚ ਥਾਂ ਮੱਲਣ ਲਈ ਇਕ ਹੀ ਵਿਅਕਤੀ ਵਲੋਂ ਲੰਮੇ ਪੈ ਕੇ, ਲੱਤਾਂ ਬਾਹਾਂ ਖਿਲਾਰ ਕੇ ਅੱਠ ਜਣਿਆਂ ਦੀ ਸੀਟ ਇਕੱਲੇ ਹੀ ਕਬਜ਼ੇ ਅਧੀਨ ਕਰ ਲੈਣ ਵਰਗੇ ਪੁੱਠੇ ਸਿੱਧੇ ਉਪਰਾਲੇ, ਗੁਰਦੁਆਰਿਆਂ ਵਿਚ ਕਮਰੇ ਖੋਹਣ ਲਈ ਚਾਕੂ ਚਲਾ ਦੇਣ ਵਾਲੀ ਅਮਾਨਵੀ ਕਾਹਲ ਅਤੇ 'ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰ ਦੀ ਤਾਂਘ' ਦਾ ਬਹਾਨਾ ਬਣਾ ਕੇ ਆਏ 'ਬਜ਼ਾਰੂ' ਮਰਦ ਅਤੇ ਔਰਤਾਂ ਵਾਂਗ ਕੰਬਲ ਤੇ ਲੋਈਆਂ ਦਾ ਵਪਾਰ ਕਰਨ ਆਈ ਭੀੜ ਨੂੰ ਵਿਅੰਗ ਦੀ ਤਿੱਖੀ ਧਾਰ ਹੇਠ ਲਿਆਉਣ ਤੋਂ ਕੌਣ ਰੋਕ ਸਕਦਾ ਹੈ।

ਇਸ ਨੂੰ ਕੌਣ ਰੋਕ ਸਕਦਾ ਸੀ ਲੇਖਕ ਅੰਦਰ ਬੈਠਾ ਹੋਇਆ ਭਾਵੁਕ ਸ਼ਾਇਰ। ਕਿਉਂਕਿ ਭਾਵਕੁਤਾ ਦੀ ਧੁੰਦ ਵਿਚ ਬਹੁਤ ਕੁਝ ਅਸਪਸ਼ਟ ਅਤੇ ਧੁੰਦਲਾ ਦਿਖਾਈ ਦਿੰਦਾ ਹੈ ਤੇ ਇਸ ਭਾਵੁਕਤਾ ਦੀ ਇਕ ਸ਼ਾਇਰ ਕੋਲੋਂ ਤਾਂ ਆਸ ਰੱਖੀ ਹੀ ਜਾ ਸਕਦੀ ਹੈ, ਪਰ ਹੋਇਆ ਇਸ ਤੋਂ ਐਨ ਉਲਟ ਹੈ। ਅਜੀਤ ਕੁਮਾਰ ਵਿਚਲੇ ਸ਼ਾਇਰ ਨੂੰ ਵੀ ਉਸ ਨੇ ਆਪਣੀ ਵੱਥ ਵਿਚਲੇ ਕਟਾਖ਼ਸ਼ ਨੂੰ ਹੋਰ ਕਾਟਵਾਂ ਬਣਾਉਣ ਲਈ



Sri Satguru Jagjit Singh Ji eLibrary NamdhariElibrary@gmail.com

ਵਰਤ ਲਿਆ। ਸਮੁਚੀ ਯਾਤਰਾ-ਕਥਾ ਵਿਚ ਉਸ ਦੇ ਅਤੇ ਹੋਰ ਕਵੀਆਂ ਦੇ ਸ਼ਿਅਰ ਬਹੁਤੀ ਅਤੇ ਬੇਲੋੜੀ ਗੱਲ ਨੂੰ ਥੋੜੇ, ਵਿਚ ਮੁਕਾਉਂਦੇ ਵੀ ਹਨ ਤੇ ਪਾਠਕ ਦੀ ਸੋਚ ਵਿਚ ਤਿੱਖੀ ਸੂਈ ਖੋਭਣ ਦੇ ਨਾਲ-ਨਾਲ ਵਾਰਤਕ ਦੀ ਸੁਚੱਜੀ ਜੜਤ ਦਾ ਰੰਗੀਨ ਹਿੱਸਾ ਵੀ ਬਣਦੇ ਹਨ।

ਇਹ ਵੀ ਉਸ ਦੀ ਸ਼ਾਇਰ ਆਤਮਾ ਦਾ ਹੀ ਕਮਾਲ ਹੈ ਕਿ ਜਦੋਂ ਉਸ ਨੂੰ ਪੰਜ ਛੇ ਮਾਸੂਮ ਸਕੂਲੀ ਬੱਚੇ 'ਅੰਕਲ' ਕਹਿ ਕੇ ਰੋਕ ਲੈਂਦੇ ਹਨ ਅਤੇ ਆਪਣੀਆਂ ਕਾਪੀਆਂ ਉਪਰ ਉਸ ਕੋਲੋਂ ਪੰਜਾਬੀ ਵਿਚ ਅਪਣਾ ਨਾ ਲਿਖ ਦੇਣ ਦੀ ਮੰਗ ਕਰਦੇ ਹਨ ਤਾਂ ਉਸ ਨੂੰ ਉਹ ਦੋ ਮਿੰਟ ਦੀ ਪਿਆਰੀ ਤੇ ਮਿੱਠੀ ਯਾਦ ਸਦੀਵੀ ਤੌਰ ਤੇ ਅਪਣੇ ਚੇਤਿਆਂ ਵਿਚ ਉੱਕਰੀ ਗਈ ਲਗਦੀ ਹੈ। ਸਿਰਫ ਉਸਦੀ ਹੀ ਨਹੀਂ ਪਾਠਕ ਦੀ ਵੀ ਇਹ ਇਕ ਪਿਆਰੀ ਯਾਦ ਬਣ ਜਾਂਦੀ ਹੈ। ਦੋ ਮਿੰਟਾਂ ਦੀ ਇਹ ਮੁਲਾਕਾਤ ਦੋ ਲਾਈਨਾਂ ਦੇ ਖੂਬਸੂਰਤ ਉਸ ਸ਼ਿਅਰ ਵਰਗੀ ਹੈ ਜੋ ਰੂਹ ਨੂੰ ਹਲੂਣ ਜਾਂਦਾ ਹੈ। ਇੰਜ ਉਹ ਸ਼ਾਇਰ ਵਾਲੀ ਸੂਖਮਤਾ ਨੂੰ ਵਾਰਤਕ ਦਾ ਜਾਨਦਾਰ ਅੰਗ ਬਣਾ ਲੈਂਦਾ ਹੈ।

ਸਮੁੱਚੀ ਲਿਖਤ ਵਿਚੋਂ ਅਜੀਤ ਕੁਮਾਰ ਦਾ ਬਿੰਬ ਠਰੰਮੇ ਵਾਲੇ ਸਹਿਜ ਵਿਅਕਤੀ ਦਾ ਉਭਰਦਾ ਹੈ। ਉਹ ਕਿਤੇ ਵੀ ਕਾਹਲੀ ਨਹੀਂ ਕਰਦਾ। ਭੱਜ ਦੌੜ ਵਿਚ ਸਾਹੋ ਸਾਹ ਹੋਇਆ ਨਾ ਉਹ ਕੋਈ ਗੱਡੀ ਫੜਦਾ ਹੈ, ਨਾ ਹੀ ਸੀਟ ਮੱਲਦਾ ਹੈ ਤੇ ਨਾ ਕੋਈ ਕਮਰਾ। ਇਹੋ ਕਾਰਨ ਹੈ ਕਿ ਹਰ ਥਾਂ ਪਿਛੇ ਰਹਿ ਜਾਣ ਦਾ ਉਸਨੂੰ ਇਕ ਲਾਭ ਇਹ ਵੀ ਹੋਇਆ ਹੈ ਕਿ ਉਹ 'ਅੱਗੇ' ਲੰਘ ਜਾਣ ਵਾਲਿਆਂ ਦੇ ਕੰਮ ਅਤੇ ਕਰਤੂਤਾਂ ਵੇਖ ਸਕਿਆ ਹੈ। ਖ਼ੁਦ ਸੰਕਟ ਵਿਚ ਪੈ ਕੇ 'ਸੰਕਟ ਮੁਕਤ' ਹੋਣ ਲਈ ਤਰਲੋਮੱਛੀ ਹੁੰਦੇ ਵਿਅਕਤੀਆਂ ਦੇ ਵਿਹਾਰ ਨੂੰ ਕਲਾਤਮਕ ਸੁਹਿਰਦਤਾ ਨਾਲ ਚਿਤਰ ਸਕਿਆ ਹੈ ਤੇ ਉਹਨਾਂ ਦੇ ਟੇਢੇ ਅਤੇ ਅਸਾਵੇਂ ਵਿਹਾਰ ਉਪਰ ਮੁਸਕਰਾਉਂਦਿਆਂ ਹੋਇਆਂ ਵੀ ਆਪ ਸਹਿਜ ਅਤੇ ਸਾਵਾਂ ਰਹਿ ਸਕਿਆ ਹੈ। ਚੁੱਪ ਰਹਿ ਕੇ ਪਿੱਛੇ ਰਹਿਣ ਦੀ ਕਲਾ ਉਸ ਦੀ ਲਿਖਤ ਉੱਤੇ ਵੀ ਅਸਰ-ਅੰਦਾਜ਼ ਹੋਈ ਹੈ ਤੇ ਕਈ ਮੋੜਾਂ ਅਤੇ ਮੌਕਿਆਂ ਉੱਪਰ ਉਹਦੀ ਲਿਖਤ ਨੂੰ ਡੂੰਘੇ ਅਰਥ ਦੇਣ ਦੇ ਸਮਰਥ ਵੀ ਹੋਈ ਹੈ। ਇਸ ਸਮਰਥਾ ਦਾ ਝਲਕਾਰਾ ਸਾਨੂੰ ਉਦੋਂ ਵੀ ਮਿਲਦਾ ਹੈ ਜਦੋਂ ਨਾਟਕਕਾਰ ਹਰਸਰਨ ਸਿੰਘ ਰਾਵਲਪਿੰਡੀ ਵਿਚ 'ਸੇਵਨ ਇਨ ਵੰਨ' ਲੇਖਕ ਅਫ਼ਜ਼ਲ ਪ੍ਰਵੇਜ਼ ਕੋਲੋਂ ਆਪਣੀ ਉਤਸੁਕਤਾ ਅਤੇ ਜਾਣਕਾਰੀ ਲਈ ਆਪ ਤਾਂ ਉਤੋੜਿਤੀ ਸੁਆਲ ਦਰ ਸੁਆਲ ਪੁਛੀ ਜਾ ਰਿਹਾ ਹੈ ਅਤੇ ਅਪਣੀ ਤਸੱਲੀ ਹੋ ਜਾਣ ਉਪਰੰਤ ਕੋਲ ਚੁੱਪ ਬੈਠੇ ਅਜੀਤ ਕੁਮਾਰ ਨੂੰ ਬੋਲਣ ਦਾ ਮੌਕਾ ਦਿਤੇ ਬਿਨਾਂ ਹੀ ਨਾਟਕੀ ਢੰਗ ਨਾਲ ਉੱਠ ਖਲੋਂਦਾ ਹੈ ਅਤੇ ਜਾਣ ਲਈ ਆਗਿਆ ਮੰਗਦਾ ਹੈ। ਐਨ ਇਸ ਸਮੇਂ ਅਜੀਤ ਕੁਮਾਰ ਹਰਸਰਨ ਸਿੰਘ ਨੂੰ ਜਾਣ ਲਈ ਆਖ ਕੇ ਅਫ਼ਜ਼ਲ ਪ੍ਰਵੇਜ ਨਾਲ ਕੁਝ ਗੱਲਾਂ ਕਰਨ ਦੀ ਇਜਾਜ਼ਤ ਲੈਂਦਾ ਹੈ ਤਾਂ ਹਰਸਰਨ ਸਿੰਘ ਨੂੰ ਵੀ ਛਿੱਥਾ ਪੈ ਕੇ ਬੈਠਣਾ ਪੈਂਦਾ ਹੈ।

ਹਰਸਰਨ ਸਿੰਘ ਤੇ ਇਸ ਦੇ ਨਾਲ ਨਾਲ ਅਫ਼ਜ਼ਲ ਪ੍ਰਵੇਜ਼ ਨੂੰ ਪਾਤਰਾਂ ਵਾਂਗ ਉਸਾਰ ਦੇਣਾ ਲੇਖਕ ਅੰਦਰ ਲੁਕੇ ਸਮਰੱਥ ਗਲਪਕਾਰ ਦੀ ਟੋਹ ਵੀ ਦਿੰਦਾ ਹੈ। ਉਸਦੀ ਇਹ ਗਲਪਕਾਰੀ ਸਮਰੱਥਾ ਡਾ. ਸ਼ਹਿਬਾਜ਼ ਮਲਿਕ ਨੂੰ ਪੇਸ਼ ਕਰ-ਦਿਆਂ ਹੋਰ ਵੀ ਡੂੰਘੀ ਤਰ੍ਹਾਂ ਉਜਾਗਰ ਹੁੰਦੀ ਹੈ। ਉਹ ਆਪ ਚੁੱਪ ਰਹਿ ਕੇ ਸ਼ਹਿਬਾਜ਼ ਮਲਿਕ ਨੂੰ ਖ਼ੁਦ ਹੀ ਬੋਲਣ ਦਾ ਮੌਕਾ ਦੇ ਕੇ ਉਹਦੀ ਲੰਬੀ ਗੱਲਬਾਤ ਰਾਹੀਂ ਉਹਦੇ ਸ਼ੋਗੀਲੇ ਸੁਭਾਅ ਅਤੇ ਵਿਰਕੂ ਛੁੱਟਪਣ ਨੂੰ ਤਾਂ ਸਹਿਜੇ ਨੰਗਿਆਂ ਕਰਦਾ ਹੀ ਹੈ ਸਗੋਂ ਨਾਲ ਨਾਲ ਪੰਜਾਬੀ ਜ਼ਬਾਨ ਨਾਲ ਉਧਰ ਕੀਤੇ ਜਾ ਰਹੇ ਉਪਰਾਲਿਆਂ ਉਪਰ ਨਿਰ-ਉਚੇਚ ਝਾਤੀ ਵੀ ਪੁਆ ਦਿੰਦਾ ਹੈ। (ਅਜਿਹੀ ਝਾਤੀ ਹੀ ਉਸਨੇ ਅਫ਼ਜ਼ਲ ਪ੍ਰਵੇਜ਼ ਰਾਹੀਂ ਉਧਰਲੇ ਅਦਬ ਅਤੇ ਨਾਟਕ ਉੱਪਰ ਪੁਆਈ ਸੀ)। ਇਹ ਵੇਰਵਾ ਅਕਾ ਦੇਣ ਵਾਲੀ ਹੱਦ ਤਕ ਪਹੁੰਚਦਾ ਤੱਕ ਕੇ ਉਹ ਸ਼ਹਿਬਾਜ਼ ਮਲਿਕ ਵਲੋਂ ਇਹ ਦੱਸਣ 'ਤੇ ਕਿ ਉਸ ਨੇ ਇਕ ਵਾਰ ਜਲੰਧਰ ਦੇ ਦੇਸ਼-ਭਗਤ ਯਾਦਗਾਰ ਹਾਲ ਵਿਚ ਡੇਢ ਘੰਟਾ ਲੈਕਚਰ ਦਿਤਾ ਸੀ, ਅਜੀਤ ਕੁਮਾਰ ਆਖ਼ਦਾ ਹੈ, "ਮਲਿਕ ਸਾਹਿਬ ਮੈਂ ਵੀ ਤੁਹਾਡਾ ਉਹ ਭਾਸ਼ਨ ਸੁਣਿਆ ਸੀ। ਤੁਹਾਨੂੰ ਸ਼ਾਇਦ ਪਤਾ ਹੈ ਕਿ ਨਹੀਂ, ਤੁਹਾਡੇ ਉਸ ਲੰਬੇ ਭਾਸ਼ਣ ਮਗਰੋਂ ਤਾਂ ਹੁਣ ਸਾਡੇ ਪਾਸੇ ਜੇ ਕਿਸੇ ਸਾਹਿਤਕ ਇਕੱਤਰਤਾ ਵਿਚ ਲੰਬਾ ਭਾਸ਼ਣ ਦੇਣ ਵਾਲੇ ਨੂੰ ਰੋਕਣਾ ਹੋਵੇ ਤਾਂ ਕਿਹਾ ਜਾਂਦਾ ਹੈ, "ਬਹਿ ਜਾਹ, ਬਹੁਤ ਹੋ ਗਿਆ, ਸ਼ਹਿਬਾਜ਼ ਮਲਿਕ ਬਣਨ ਦੀ ਕੋਸ਼ਿਸ਼ ਨਾ ਕਰ।"

ਇਸ ਤਰ੍ਹਾਂ ਮਿੱਠੀ ਟਕੋਰ ਕਰਕੇ ਉਹ ਅਪਣੇ ਉੱਠਣ ਲਈ ਵੀ ਬਹਾਨਾ ਬਣਾ ਲੈਂਦਾ ਹੈ ਤੇ ਪਾਠਕ ਵੀ ਮੁਸਕਰਾ-ਉਂਦਾ ਹੋਇਆ ਸੁਖ ਦਾ ਸਾਹ ਲੈਂਦਾ ਹੈ। ਅਜਿਹੀਆਂ ਟਕੋਰਾਂ ਉਸ ਨਾਲ ਮਿਲੇ ਵਿਅਕਤੀਆਂ ਦਾ ਮਨ ਵੀ ਖੋਲ੍ਹਦੀਆਂ ਹਨ



Sri Satguru Jagjit Singh Ji eLibrary NamdhariElibrary@gmail.com

ਤੇ ਪਾਠਕ ਅੰਦਰ ਵੀ ਗੁਦਗੁਦੀ ਛੇੜਦੀਆਂ ਹਨ। ਇੰਜ ਹੀ ਇਕ ਮਿਲਣੀ ਵਿਚ ਘੁੱਟੇ-ਵੱਟੇ ਇਕ ਪਾਕਿਸਤਾਨੀ ਅਧਿਕਾਰੀ ਨੂੰ ਇਹ ਕਹਿਕੇ ਕਿ ਕੀ ਉਹਨਾਂ ਦੇ ਉਥੇ ਕਿਸੇ ਆਏ ਗਏ ਨੂੰ ਚਾਹ ਪਾਣੀ ਪੁਛਣ ਦਾ ਰਿਵਾਜ ਨਹੀਂ, ਉਹ ਮੁਸਕਰਾਉਣ ਲਈ ਵੀ ਮਜਬੂਰ ਕਰ ਲੈਂਦਾ ਹੈ। ਫਿਰ ਚਾਹ ਪਾਣੀ ਵੀ ਆਉਂਦਾ ਹੈ ਤੇ ਗੱਲਾਂ ਵੀ ਹੁੰਦੀਆਂ ਹਨ। ਮਨ ਵਿਚ ਅਜਿਹੀਆਂ ਮਧੁਰ-ਤਰੰਗਾਂ ਛੇੜਣ ਵਾਲੀ ਇਸ ਕਲਾ ਦੀ ਵਰਤੋਂ ਉਸਨੂੰ ਬਾਖ਼ੂਬੀ ਕੀਤੀ ਹੈ। ਸ਼ਹਿਬਾਜ਼ ਮਲਿਕ ਵਾਲੀ ਮੁਲਾਕਾਤ ਦੇ ਅੰਤ ਉੱਤੇ ਜਦੋਂ ਮਲਿਕ ਉਸ ਤੋਂ ਅੱਗੇ-ਅੱਗੇ ਬਾਹਰ ਨਿਕਲ ਕੇ ਵਿਦਾ ਕਰਨ ਲਈ ਤੁਰਦਾ ਹੈ ਅਤੇ ਫਿਰ ਸੜਕ ਤੇ ਪਹੁੰਚਕੇ ਇਕ ਦਮ ਪਿਛੇ ਮੁੜ ਕੇ ਉਸਨੂੰ ਸੀਨੇ ਨਾਲ ਲਗਾ ਲੈਂਦਾ ਹੈ, ਉਦੋਂ ਲਗਦਾ ਹੈ ਜਿਵੇਂ ਇਹ ਕਿਸੇ ਹੁਨਰੀ ਨਿੱਕੀ ਕਹਾਣੀ ਦਾ ਸਿਖਰ ਹੋਵੇ ਜਿਸ ਦੀ ਲਿਸ਼ਕ ਰਾਹੀਂ ਰੁਖੇ ਤੇ ਸੁਕੇ ਬੰਦੇ ਅੰਦਰਲੀ ਕੋਈ ਹਰੀ ਡਾਲੀ ਝੂਮਦੀ ਹੋਈ ਸਹਿਵਨ ਹੀ ਨਜ਼ਰ ਆ ਜਾਂਦੀ ਹੈ।

ਉਹਦੀ ਗਲਪਕਾਰੀ ਸਮਰਥਾ ਤੋਂ ਇਹ ਭਾਵ ਹਰਗਿਜ਼ ਨਹੀਂ ਕਿ ਉਹ ਕਿਸੇ ਝੂਠ ਨੂੰ ਸੱਚ ਜਾਂ ਸੱਚ ਨੂੰ ਝੂਠ ਬਣ ਕੇ ਪੇਸ਼ ਕਰਦਿਆਂ ਸਫ਼ਰਨਾਮੇ ਨੂੰ ਨਾਵਲ ਜਾਂ ਕਹਾਣੀ ਬਣਾ ਰਿਹਾ ਹੈ ਸਗੋਂ ਇਸ ਤੋਂ ਭਾਵ ਸੱਚ ਨੂੰ ਸੱਚ ਦੇ ਰੂਪ ਵਿਚ ਵੇਖਣ ਵਿਖਾਉਣ ਵਾਲੀ ਉਸ ਦੀ ਪ੍ਰਭਾਵਸ਼ਾਲੀ ਕਲਾਕਾਰੀ ਤੋਂ ਹੈ। ਇਸ ਕਲਾਕਾਰੀ ਰਾਹੀਂ ਉਹ ਪਾਠ ਨੂੰ ਦਿਲਚਸਪ ਬਣਾਉਂਦਾ ਹੈ। ਪਿਛਲੀਆਂ ਯਾਦਾਂ, ਇਤਿਹਾਸਕ ਵੇਰਵਿਆਂ ਅਤੇ ਆਮ ਗਿਆਨ ਨੂੰ ਪਾਠ ਵਿਚ ਪ੍ਰਾਪਤ ਵੇਰਵਿਆਂ ਤੇ ਵਿਅਕਤੀਆਂ ਨਾਲ ਇੰਜ ਟਕਰਾਉਂਦਾ ਹੈ ਕਿ ਲੁਕਵੇਂ ਅਰਥ ਵੀ ਲਿਸ਼ਕ ਉੱਠਣ, ਮਨੁੱਖੀ ਵਿਹਾਰ ਦੀ ਕੋਈ ਝਾਕੀ ਵੀ ਉਜਾਗਰ ਹੋ ਜਾਵੇ ਤੇ ਪੜ੍ਹਣ ਵਿਚ ਰਸ ਵੀ ਆਵੇ। ਇਹ ਕਲਾਕਾਰੀ ਉਹਦੀ ਵਸਤੂ ਵੇਰਵਿਆਂ ਦੀ ਤਰਤੀਬ ਅਤੇ ਸਮੁੱਚੀ ਪੇਸ਼ਕਾਰੀ ਦੀ ਸੁੰਦਰ ਜੜਤ ਵਿਚੋਂ ਵੀ ਆਪਣਾ ਰੰਗ ਵਿਖਾਉਂਦੀ ਹੈ।

ਲੇਖਕ ਦੀ ਇਕ ਇਹ ਵੀ ਸਿਫਤ ਹੈ ਕਿ ਉਹ ਉਲਾਰ ਨਹੀਂ ਹੁੰਦਾ। ਉਹ ਨਾ ਕਿਸੇ ਨੂੰ ਬੇਲੋੜਾ ਨਿੰਦਦਾ ਹੈ ਅਤੇ ਨਾ ਹੀ ਬੇਲੋੜੀ ਤਾਰੀਫ ਕਰਦਾ ਹੈ। ਉਹ ਨਾ ਹੀ ਅੰਨ੍ਹਾ ਦੇਸ਼-ਭਗਤ ਹੈ ਤੇ ਨਾ ਹੀ ਭਾਵੁਕਤਾ ਵਿਚ ਗੜੁੱਚ ਨਿਰੋਲ 'ਪਾਕਿ-ਪੰਜਾਬ' 'ਪ੍ਰੇਮੀ'। ਉਹਦੀ ਤਿੱਖੀ ਨੀਝ ਤੱਥਾਂ ਅਤੇ ਮਸਲਿਆਂ ਬਾਰੇ ਤਰਕ ਸੰਗਤ ਪਹੁੰਚ ਅਪਣਾਉਂਦੀ ਹੈ। ਉਹਦਾ ਪਾਕਿਸਤਾਨੀ ਪੱਤਰਕਾਰਾਂ ਵਲੋਂ ਖਾਲਿਸਤਾਨ ਬਾਰੇ ਵਾਰ-ਵਾਰ ਪੁਛੇ ਜਾਣ ਤੇ ਦਿਤਾ ਜੁਆਬ ਬਹੁਤ ਹੀ ਮਹੱਤਵ ਵਾਲਾ ਹੈ। 'ਖ਼ਾਲਿਸਤਾਨ' ਬਣਨ ਤੋਂ ਪਿਛੋਂ ਕੀ ਹੋਵੇਗਾ? ਦਾ ਜੁਆਬ ਉਹ ਇਸ ਤਰ੍ਹਾਂ ਦਿੰਦਾ ਹੈ:

"...ਫੇਰ ਇਹ ਹੋਏਗਾ ਕਿ ਸਿੱਖਾਂ ਪਾਸ ਹੋਰ ਕੋਈ ਕੰਮ ਨਹੀਂ ਰਹੇਗਾ ਕਿ ਉਹ ਅਪਣਾ ਲਾਹੌਰ, ਅਪਣਾ ਨਨਕਾਣਾ ਸਾਹਿਬ, ਪੰਜਾ ਸਾਹਿਬ ਤੇ ਉਹ ਸਾਰਾ ਇਲਾਕਾ ਲੈਣ ਦਾ ਯਤਨ ਕਰਨ ਜੋ ਉਹਨਾਂ ਦੇ ਮਹਾਰਾਜਾ ਰਣਜੀਤ ਸਿੰਘ ਦਾ ਸੀ।" ਮੈਂ ਕਹਿੰਦਾ ਗਿਆ, "ਜਦ ਲਾਹੌਰ ਆ ਕੇ ਕੋਈ ਸਿੱਖ ਸਿਰ ਉਠਾ ਕੇ ਅਪਣੇ ਮਹਾਰਾਜਾ ਦੇ ਲਾਹੌਰ ਕਿਲੇ ਨੂੰ ਦੇਖਦਾ ਹੈ ਤਾਂ ਉਸ ਤੋਂ ਬਾਅਦ ਉਸਨੂੰ ਇਹ ਖਿਆਲ ਸਾਰੀ ਜ਼ਿੰਦਗੀ ਆਰਾਮ ਨਹੀਂ ਲੈਣ ਦਿੰਦਾ ਕਿ ਇਹ ਕਿਲਾ ਸਾਡਾ ਹੈ।"

ਹਕੀਕਤ ਦਾ ਇਹ ਠੋਸ ਪਹਿਲੂ ਪੱਤਰਕਾਰਾਂ ਨੂੰ ਇਕ ਦੂਜੇ ਦੇ ਮੂੰਹ ਵੱਲ ਵੇਖਣ ਲਾ ਦਿਦਾ ਹੈ।

ਉਹਦੀ ਸਹਿਜ-ਸੂਝ ਹੀ ਪਾਕਿ-ਸਰਕਾਰ ਅਤੇ ਕੁਝ ਲੋਕਾਂ ਵਲੋਂ ਪੰਜਾਬੀ ਸਿੱਖਾਂ ਪ੍ਰਤੀ ਉਚੇਚੇ ਹੇਜ ਪਿਛੇ ਲੁਕੇ ਅਰਥਾਂ ਨੂੰ ਵੀ ਸਮਝਦੀ ਹੈ ਅਤੇ ਇਕਬਾਲ ਕੈਸਰ, ਇਲੀਆਸ ਘੁੰਮਣ ਅਤੇ ਸਿਬਤਲ ਹਸਨ ਜ਼ੈਗਮ ਜਿਹੇ ਪੰਜਾਬੀ ਪਿਆਰਿਆਂ ਦੇ ਧੁਰ ਅੰਦਰ ਵੱਸੇ ਮੋਹ ਅਤੇ ਗਲਵੱਕੜੀ ਲਈ ਕੰਬਦੀਆਂ ਬਾਹਾਂ ਦੇ ਵੇਗ ਨੂੰ ਵੀ ਮਹਿਸੂਸ ਕਰਦੀ ਹੈ।

ਲੇਖਕ ਅਨੁਸਾਰ ਇਹ ਪਾਕਿਸਤਾਨ ਯਾਤਰਾ ਅਧੂਰੀ ਹੈ ਕਿਉਂਕਿ ਇਸ ਵਿਚ ਸੀਮਤ ਸਮੇਂ ਵਿਚ, ਸੀਮਤ ਥਾਵਾਂ ਉਪਰ, ਸੀਮਤ ਬੰਦਿਆਂ ਨਾਲ ਸੀਮਤ ਜਿਹਾ ਮੇਲ ਨਸੀਬ ਹੁੰਦਾ ਹੈ। ਪਰ ਉਸ ਦੀ ਬਾਰੀਕ ਨਜ਼ਰ ਵਿਚੋਂ ਛਣ ਕੇ ਪੇਸ਼ ਹੋਈ ਇਹ ਸੰਖਿਪਤ ਤੇ 'ਅਧੂਰੀ ਯਾਤਰਾ' ਹੋਰਨਾਂ ਪੱਖਾਂ ਤੋਂ ਚਾਹੇ ਲੱਖ 'ਅਧੂਰੀ' ਹੋਵੇ, ਪਰ ਇਸ ਵਿਚਲੀ ਥੋੜ੍ਹੇ ਨੂੰ ਬਹੁਤ ਕਰਕੇ ਵਿਖਾਉਣ ਵਾਲੀ ਕਲਾ ਸਦਕਾ ਇਹ ਨਿਸ਼ਚੇ ਹੀ 'ਪੂਰੀ ਯਾਤਰਾ' ਹੈ। ਇਸੇ ਲਿਖਣ-ਕਲਾ ਸਦਕਾ ਹੀ ਇਹ ਯਾਤਰਾ ਨਾਂਵਾਂ, ਥਾਵਾਂ ਤੇ ਵਿਅਕਤੀਆਂ ਦਾ ਖੁਸ਼ਕ ਵੇਰਵਾ ਬਣਨ ਦੀ ਥਾਂ ਧੜਕਦੇ ਜੀਵਨ ਦਾ ਜੀਵੰਤ ਚਿੱਤਰ ਹੋ ਨਿਬੜੀ ਹੈ। ਇਸਨੂੰ ਪੁਸਤਕ ਰੂਪ ਵਿਚ ਛਪੀ ਵੇਖ ਮੈਨੂੰ ਡਾਢੀ ਖੁਸ਼ੀ ਹੋਈ ਹੈ।

੧੫੩, ਗੋਲਡਨ ਐਵੇਨਿਊ,
ਗੜ੍ਹਾ, ਜਲੰਧਰ—੧੪੪੦੨੨



Sri Satguru Jagjit Singh Ji eLibrary NamdhariElibrary@gmail.com

# ਮੋਤੀ

**—ਹਰੀ ਸਿੰਘ 'ਦਿਲਬਰ'**

ਰੁਲੀਏ ਨੂੰ ਕੋਈ ਪਿਆਰ ਨਹੀਂ ਸੀ ਕਰਦਾ। ਜਦ ਤੋਂ ਉਹਦਾ ਪਿਉ ਇਸ ਦੁਨੀਆਂ ਤੋਂ ਤੁਰ ਗਿਆ, ਉਹ ਬਕਰੀਆਂ ਚਾਰਨ ਲੱਗ ਪਿਆ ਸੀ। ਉਹ ਮਿੱਸੀ ਰੋਟੀ ਪਰਨੇ ਦੇ ਲੜ ਬੰਨ੍ਹ ਕੇ ਸਵੇਰੇ ਬਾਹਰ ਨੂੰ ਲੈ ਜਾਂਦਾ ਤੇ ਨਹਿਰੀ ਪਾਣੀ ਦੇ ਨਾਲੇ ਜਾਂ ਰੋਹੀ ਦੇ ਕਿਸੇ ਬਿਛ ਹੇਠ ਬੈਠ ਕੇ ਦੁਪਹਿਰੇ ਰੋਟੀ ਖਾ ਲੈਂਦਾ। ਸਾਰਾ ਦਿਨ ਉਜਾੜਾਂ, ਰੋਹੀਆਂ, ਢੱਕੀਆਂ, ਵਣਾਂ ਤੇ ਖੇਤਾਂ ਵਿਚ ਫਿਰਦਾ ਰਹਿੰਦਾ ਤੇ ਆਥਣੇ ਘਰ ਮੁੜਦਾ।

ਉਹ ਬਕਰੀਆਂ ਦਾ ਦੁੱਧ ਵੇਚਿਆ ਕਰਦਾ ਸੀ ਤੇ ਇਸ ਤਰ੍ਹਾਂ ਵੱਟਤ ਨਾਲ ਉਹਦੀ ਬੁਢੀ ਮਾਂ ਘਰ ਦੇ ਖਰਚਾਂ ਨੂੰ ਪੂਰਾ ਕਰਨ ਦੇ ਜਤਨ ਕਰਦੀ।

ਰੋਹੀ ਦੇ ਖੇਤਾਂ ਵਿਚ ਵੀ ਤਾਂ ਬੂਟੇ ਉੱਗ ਹੀ ਆਉਂਦੇ ਹਨ। ਭਾਵੇਂ ਰੁਲੀਏ ਦੇ ਮਾਸ ਵਿਚ ਚਮਕ ਨਹੀਂ ਸੀ ਪਰ ਜੋਬਨ ਦੇ ਆਉਣ ਕਰਕੇ ਓਹਦੇ ਹਿਰਦੇ ਵਿਚ ਪਿਆਰ ਤਾਂ ਉੱਗ ਪਿਆ ਸੀ। ਕਿਸੇ ਕਿਸੇ ਮੁਟਿਆਰ ਕੁੜੀ ਨੂੰ ਰੁਲੀਆ ਬਿਨਾਂ ਪੈਸਿਓਂ ਦੁਧ ਦੇਣ ਦਾ ਜਤਨ ਕਰਦਾ ਪਰ ਕੋਈ ਇਸ ਤੋਂ ਮੁਫਤ ਦੁੱਧ ਨਾ ਲੈਂਦੀ। ਇਹਦੇ ਕੋਮਲ ਹੁੰਦੇ ਜਾ ਰਹੇ ਹਿਰਦੇ ਉਤੇ ਦੁਖ ਭਰੀ ਇਕ ਤਿੱਖੀ ਲਕੀਰ ਫਿਰ ਜਾਂਦੀ ਪਰ ਇਹਦੀਆਂ ਅੱਖਾਂ ਜੋਬਨ ਦੇ ਖਿਆਲੀ ਚਿੱਤਰਾਂ ਉਦਾਲੇ ਘੁੰਮਦੀਆਂ ਰਹਿੰਦੀਆਂ।

ਇਹਦੇ ਪਿੰਡ ਦੇ ਸਰਦਾਰਾਂ ਦੀ ਕੁੜੀ ਸ਼ਹਿਰ ਦੇ ਕਾਲਿਜ ਵਿਚ ਪੜ੍ਹਨ ਜਾਇਆ ਕਰਦੀ। ਇਹ ਉਹਦੀਆਂ ਚਿਟੀਆਂ ਚਾਂਦੀ ਰੰਗੀਆਂ ਐਨਕਾਂ ਵਲ ਝਾਕਦਾ ਰਹਿੰਦਾ ਪਰ ਕੁੜੀ ਅੱਖਾਂ ਫੇਰ ਕਿਸੇ ਹੋਰ ਪਾਸੇ ਝਾਕਣ ਲੱਗ ਪੈਂਦੀ। ਇਹਦੇ ਪਿੰਡ ਦੇ ਕੋਲੋਂ ਲੰਘਦੀ ਪੱਕੀ ਸੜਕ ਉਤੇ ਸਰਦਾਰਾਂ ਦਾ ਨੌਕਰ ਆਪਣੀ ਰਬੜ ਟੈਰ ਦੇ ਘੋੜੇ ਨੂੰ ਛੇੜ ਦਿੰਦਾ ਤੇ ਘੋੜਾ ਹਵਾ ਹੋ ਜਾਂਦਾ। ਕੁੜੀ ਦੀ ਬਰੀਕ ਚਾਦਰ ਦੇ ਪਲੇ ਹਵਾ ਵਿਚ ਖੇਲ੍ਹਣ ਲੱਗ ਪੈਂਦੇ। ਰੁਲੀਆ ਦੂਰ ਤਾਂਈਂ ਉਸ ਵਲ ਝਾਕਦਾ ਰਹਿੰਦਾ, ਜਦ ਤਾਈਂ ਰਬੜ ਟੈਰ ਦਿਸਣੋਂ ਬੰਦ ਨਹੀਂ ਸੀ ਹੋ ਜਾਂਦੀ। ਇਕ ਵਾਰੀ ਸੜਕ ਉਤੇ ਘੋੜੇ ਦੇ ਪੌੜਾਂ ਦੀ ਖੜੱਪ ਖੜੱਪ ਰੁਲੀਏ ਦੀ ਹਿੱਕ ਉਤੇ ਵਜਦੀ ਤੇ ਘੋੜਾ ਨਠਾਉਂਦੇ ਨੌਕਰ ਦੇ ਪੇਚਦਾਰ ਸੁਰੀਲੇ ਬੋਲ ਹਵਾ ਵਿਚ ਘੁਲ ਜਾਂਦੇ ਤੇ ਕਿੰਨਾ ਕਿੰਨਾ ਚਿਰ ਰੁਲੀਏ ਦੇ ਕੰਨਾਂ ਵਿਚ ਚੁੰਝਾਂ ਖੋਭਦੇ ਰਹਿੰਦੇ। ਅਮੀਰੀ ਦੇ ਰਸ ਰੰਗ ਰੁਲੀਏ ਦੇ ਹਿਰਦੇ ਨੂੰ ਛੇੜਦੇ ਰਹਿੰਦੇ "ਇਹ ਚਿਟੇ ਰੰਗ ਦੇ ਬੰਦੇ ਕਿੰਨੇ ਬੇ-ਫਿਕਰ ਹੁੰਦੇ ਹਨ।" ਰੁਲੀਏ ਦੇ ਚਿੱਤ ਵਿਚ ਫੇਰ ਖਿਆਲ ਆਉਂਦਾ।

ਇਸ ਸਾਲ ਜੇਠ ਦੇ ਮਹੀਨੇ ਜਦੋਂ ਡੰਗਰਾਂ ਵਿਚ ਛੂਤ ਦੀ ਬਿਮਾਰੀ ਪੈ ਗਈ ਸੀ ਤਾਂ ਉਹ ਕਿਲਿਓਂ ਹਿਲ ਨਹੀਂ ਸਨ ਸਕਦੇ। ਇਸ ਰੋਗ ਨੇ ਰੋਹੀਆਂ ਦੇ ਹਰਨਾਂ ਨੂੰ ਵੀ ਵਲ੍ਹੇਟ ਵਿਚ ਲੈ ਲਿਆ ਸੀ। ਉਹਨਾਂ ਦੇ ਖੁਰਾਂ ਵਿਚੋਂ ਲਹੂ ਸਿੰਮਦਾ ਸੀ। ਪੈਰ ਪਾਟ ਗਏ ਸਨ। ਉਹ ਇਕ ਪੈਰ ਨਹੀਂ ਪੁਟ ਸਕਦੇ ਸਨ। ਪਾਲੀ ਮੁੰਡਿਆਂ ਦੇ ਨਾਲ ਸਰਦਾਰਾਂ ਦਾ ਸਾਹਿਬਜ਼ਾਦਾ ਮੋਹਰੀ ਬਣ ਕੇ ਆਉਂਦਾ ਜਿਸ ਦੇ ਮੋਢੇ ਉਤੇ ਪਿਉ ਦੇ ਲਸੰਸ ਵਾਲੀ ਬੰਦੂਕ ਹੁੰਦੀ ਸੀ ਤੇ ਬਿਨਾ ਕਾਰਤੂਸ ਖਰਚ ਕਰਿਆਂ ਇਕ ਦੋ ਬਕਟ ਕੁਟ ਮਾਰ ਤੇ ਘਰ ਨੂੰ ਧੂਹ ਕੇ ਲੈ ਜਾਂਦਾ ਤੇ ਮਾਸ ਪਕਾ ਕੇ ਆਪ ਖਾਂਦਾ ਤੇ ਮਿਤਰਾਂ ਬੇਲੀਆਂ ਨੂੰ ਖਵਾਂਦਾ।

ਜੇ ਰੁਲੀਏ ਦਾ ਵਸ ਚਲਦਾ ਤਾਂ ਇਹ ਉਹਦੀਆਂ ਮੋਮ ਜਿਹੀਆਂ ਪੁੜਪੁੜੀਆਂ ਵਿਚ ਲੋਹੇ ਦੇ ਸੰਮ ਵਾਲੀ ਡਾਂਗ ਮਾਰ ਕੇ ਉਸ ਸਾਹਿਬਜ਼ਾਦੇ ਨੂੰ ਪਰੇ ਹਟਾ ਦਿੰਦਾ ਜਿਹੜਾ ਬੇ-ਵੱਸ ਹਰਨੀਆਂ ਨੂੰ ਛੱਡ ਕੇ ਉਹਨਾਂ ਦੇ ਬਕਟ ਮਾਰ ਕੇ ਖਾ ਜਾਂਦਾ। ਹਾਰਨੀਆਂ ਬਿਟ ਬਿਟ ਤਕਦੀਆਂ ਰਹਿੰਦੀਆਂ।

ਰੁਲੀਏ ਦਾ ਮਨੁਖੀ ਪਿਆਰ ਜਨੌਰਾਂ ਦੇ ਪਿਆਰ ਵਿਚ ਬਦਲਦਾ ਗਿਆ। ਉਹ ਆਪਣੇ ਨਵੇਂ ਜੰਮੇ ਡੱਬ ਖੜੱਬੇ ਮੇਮਨਿਆਂ ਦੇ ਬਾਰੀਕ ਬੁੱਲ੍ਹ ਚੁੰਮਦਾ ਰਹਿੰਦਾ।

ਭੋਰੂ ਇਹਦਾ ਰੋਹੀਆਂ ਦਾ ਸਾਥੀ ਸੀ। ਜਦ ਰੁਲੀਆ ਇੱਜੜ ਤੋਂ ਉਰੇ ਹੋ ਜਾਂਦਾ ਤਾਂ ਉਹ ਕੁਤਾ ਬੱਕਰੀਆਂ ਦੇ ਉਦਾਲੇ ਰਾਖੀ ਵਜੋਂ ਫਿਰਦਾ ਰਹਿੰਦਾ। ਜੇ ਗਰਮੀ ਦੀ ਲੰਮੀ ਦੁਪਹਿਰੇ ਰੁਲੀਆ ਸੌਂ ਜਾਂਦਾ ਤਾਂ ਕਿਸੇ ਜਨੌਰ ਨੂੰ ਭੋਰੂ ਇੱਜੜ ਨੇੜੇ ਨਹੀਂ ਸੀ ਫੜਕਣ ਦਿੰਦਾ। ਰੁਲੀਆ ਵੀ ਇਹਨੂੰ ਬੱਕਰੀਆਂ ਦਾ ਦੁੱਧ ਪਿਆਉਂਦਾ ਸੀ।

ਇਕ ਦਿਨ ਹਰਨਾਂ ਦੀ ਡਾਰ ਨਾਲੋਂ ਇਕ ਨਿੱਕਾ ਜਿਹਾ ਬਕਟ ਵਿਛੜਕੇ ਰੁਲੀਏ ਦੇ ਇਜੜ ਵਿਚ ਆ ਰਲਿਆ, ਭੋਰੂ ਨੇ ਕਈ ਗੇੜੇ ਉਸ ਹਰਨ ਦੇ ਬੱਚੇ ਦੇ ਪਿਛੇ ਲਾਏ, ਪਰ ਬਕਟ ਨੇ ਇੱਜੜ ਨੂੰ ਨਾ ਛੱਡਿਆ। ਕਈ ਬੱਕਰੀਆਂ ਨੇ ਵੀ ਭੋਰੂ ਨੂੰ ਢੁੱਡਾਂ ਮਾਰੀਆਂ ਤੇ ਭੌਂਕਣ ਤੋਂ ਰੋਕਿਆ ਤੇ ਫੇਰ ਇਕਦਮ ਰੁਲੀਏ ਨੇ ਭੋਰੂ ਨੂੰ ਆਪਣੇ ਖਰਵੇ ਬੋਲ ਨਾਲ



Sri Satguru Jagjit Singh Ji eLibrary NamdhariElibrary@gmail.com

ਝਿੜਕਿਆ। ਉਹ ਪੂਛ ਹਿਲਾਉਂਦਾ ਚਊਂ ਚਊਂ ਚੀਕ ਕੇ ਮਾਲਕ ਦੀ ਸੈਨਤ ਸਮਝ ਚੁੱਪ ਹੋ ਗਿਆ। ਫੇਰ ਭੌਰੂ ਰੁਲੀਏ ਦੀਆਂ ਲੱਤਾਂ ਚੁੰਮਣ ਲਗ ਪਿਆ। ਹਰਨ ਦੇ ਬੱਚੇ ਦੀ ਕੰਬ ਰਹੀ ਕੁੱਖ ਟਿਕ ਗਈ ਤੇ ਆਪਣੀਆਂ ਮੋਟੀਆਂ ਅੱਖਾਂ ਨਾਲ ਰੁਲੀਏ ਦੇ ਪਿਆਰ ਨੂੰ ਜਾਚਣ ਲਗ ਪਿਆ।

ਰੁਲੀਏ ਨੇ ਬਕਟ ਨੂੰ ਪੁਚਕਾਰਿਆ। ਉਹਨੇ ਆਪਣੀ ਲੰਮੀ ਕੋਮਲ ਬੂਥੀ ਉਪਰ ਚੁੱਕੀ ਤੇ ਨੇੜੇ ਦੀ ਹਵਾ ਵਿਚੋਂ ਪਿਆਰ ਦੀ ਵਾਸ਼ਨਾ ਨੂੰ ਸੁੰਘਣ ਲਗ ਪਿਆ ਤੇ ਹੌਲੀ ਹੌਲੀ ਪੈਰ ਪੁਟਦਾ ਰੁਲੀਏ ਵਲ ਨੂੰ ਵਧਿਆ; ਉਹਦੇ ਭੈ-ਭੀਤ ਹੋਏ ਹਿਰਦੇ ਵਿਚੋਂ ਕਾਂਬਾ ਝੜ ਗਿਆ ਤੇ ਪਿਆਰ ਦੀ ਲਹਿਰ ਉਗ ਪਈ।

ਰੋਟੀ ਦਾ ਇਕ ਟੁਕੜਾ ਰੁਲੀਆ ਹੱਥ ਵਿਚ ਲੈ ਕੇ ਅਗੇ ਹੋਇਆ ਤੇ ਹਰਨ ਦੀ ਲੰਮੀ ਬੂਥੀ ਨੂੰ ਛੁਹਾ ਦਿਤਾ। ਮਨੁਖੀ ਪਿਆਰ ਹਰਨ ਦੇ ਸਰੀਰ ਦੇ ਅਣੂ ਅਣੂ ਵਿਚ ਉਤਰ ਗਿਆ। ਉਹ ਬੱਝ ਗਿਆ ਪਿਆਰ ਵਿਚ। ਬਕਟ ਦਾ ਭਰੋਸਾ ਉਡ ਗਿਆ ਕਿ ਮਨੁਖ ਹਰਨਾਂ ਦੀ ਜ਼ਾਤ ਦੇ ਵੈਰੀ ਹੁੰਦੇ ਹਨ। ਪਿਆਰ ਤਰਸੇ ਬਕਟ ਨੇ ਆਪਣੀ ਧੌਣ ਰੁਲੀਏ ਦੀ ਬਾਂਹ ਉਤੇ ਧਰ ਦਿਤੀ। ਓਪਰੇ ਤੇ ਰੋਹੀਆਂ ਦੇ ਜਨੌਰ ਦੇ ਮਾਸੂਮ ਪਿਆਰ ਨੇ ਅਜ ਰੁਲੀਏ ਦੇ ਰੁਖੇ ਜੀਵਨ ਵਿਚ ਅਨੰਦ ਭਰ ਦਿਤਾ। ਰੁਲੀਏ ਨੂੰ ਇਉਂ ਅਹਿਸਾਸ ਹੋਇਆ ਜਿਵੇਂ ਅਜ ਇਹਨੇ ਸਰਦਾਰਾਂ ਦੇ ਸਾਹਿਬਜ਼ਾਦੇ ਦੇ ਕਹਿਰੀ ਹੱਥਾਂ ਦੀਆਂ ਕੁੰਡੀਆਂ ਤੋਂ ਇਸ ਬਕਟ ਨੂੰ ਬਚਾ ਕੇ ਆਪਣੀ ਬੁੱਕਲ ਵਿਚ ਲੈ ਲਿਆ ਹੈ।

ਬਕਟ ਦੀ ਕੂਲੀ ਪਿੱਠ ਉਤੇ ਰੁਲੀਏ ਨੇ ਹੱਥ ਫੇਰਿਆ। ਉਹਦੇ ਸਰੀਰ ਦਾ ਕਾਂਬਾ ਲਹਿ ਗਿਆ। ਜਿਵੇਂ ਸਿਆਲ ਦੀ ਰੁੱਤ ਦੀ ਸਵੇਰ ਦੀ ਕਹਿਰ ਤੇ ਚੁਭਵੀਂ ਠੰਢ ਲੋਪ ਹੋ ਗਈ ਤੇ ਸੂਰਜ ਦੀ ਨਿੱਘੀ ਧੁੱਪ ਠੰਢ ਮਾਰੀਆਂ ਹੱਡੀਆਂ ਵਿਚ ਰਚਣ ਲਗ ਪਈ।

ਇਕ ਬੱਕਰੀ, ਜਿਸਦਾ ਇਕ ਡੱਬਾ ਮੇਮਨਾ ਮਰ ਗਿਆ ਸੀ, ਬਕਟ ਦੇ ਨੇੜੇ ਆਈ ਤੇ ਪਿਆਰ ਛੁਹਾਂ ਦੇ ਕੇ ਅਪਣਤ ਜਗਾਉਣ ਲਗ ਪਈ।

ਰੁਲੀਏ ਨੇ ਬਕਟ ਦੀ ਬੂਥੀ ਨੂੰ ਬੱਕਰੀ ਦੇ ਥਣਾਂ ਨਾਲ ਛੁਹਾ ਦਿਤਾ। ਬੱਕਰੀ ਦੇ ਲੇਵੇ ਵਿਚੋਂ ਦੁਧ ਲੰਮੇ ਥਣਾਂ ਵਿਚੋਂ ਉਤਰ ਆਇਆ। ਥਣ ਪਾਟਣ ਤੇ ਆ ਗਏ। ਹਰਨ ਦੇ ਬੁੱਲ੍ਹਾਂ ਦੀ ਛੁਹ ਦੇ ਪੱਜ ਨਾਲ ਉਹ ਆਪੇ ਡੁਲ੍ਹ ਡੁਲ੍ਹ ਪੈਂਦੇ ਸਨ। ਰੋਹੀ ਦੀਆਂ ਰੁੱਖੀਆਂ ਝਾੜੀਆਂ ਸੂਤ ਸੂਤ ਕੇ ਬੱਕਰੀ ਨੇ ਜਿਹੜਾ ਦੁੱਧ ਤਿਆਰ ਕੀਤਾ ਸੀ ਸਾਰਾ ਬਕਟ ਦੇ ਮੂੰਹ ਵਿਚ ਉਤਾਰ ਦਿਤਾ। ਉਹਨੇ ਆਪਣੀਆਂ ਲੱਤਾਂ ਖਿੰਡਾ ਲਈਆਂ।

ਬਕਟ ਦੇ ਹਿਰਦੇ ਵਿਚ, ਦੁੱਧ ਦੇ ਨਾਲ ਈ, ਬੱਕਰੀਆਂ ਦੀ ਅਪਣਤ ਪ੍ਰਵੇਸ਼ ਕਰ ਗਈ।

ਜਦ ਸ਼ਿਕਾਰੀ ਕੁਤੇ ਬੱਕਰੀਆਂ ਦੇ ਇਸ ਇੱਜੜ ਵਿਚ ਹਰਨ ਦੇ ਇਸ ਬੱਚੇ ਨੂੰ ਦੇਖ ਕੇ ਉਸ ਵਲ ਪਾੜ-ਖਾਣੇ ਦੰਦ ਖੋਲ ਕੇ ਮੂੰਹ ਪਾਉਣ ਲਈ ਆਉਂਦੇ ਤਾਂ ਭੌਰੂ ਇਸ ਹੱਲੇ ਨੂੰ ਧੌਣ ਅਕੜਾ ਕੇ ਰੋਕਦਾ। ਰੁਲੀਏ ਦੀ ਸੰਮ ਵਾਲੀ ਡਾਂਗ ਮੋਢੇ ਤੇ ਖੜੋ ਜਾਂਦੀ, ਬੱਕਰੀਆਂ ਸਿੰਗ ਉਲਾਰਦੀਆਂ।

ਜਦ ਕੋਈ ਪਿੰਡ .ਦਾ ਜੁਆਕ ਇਜੜ ਵਿਚੋਂ ਇਸ ਬਕਟ ਨੂੰ ਫੜਨ ਤੇ ਡਰਾਉਣ ਦਾ ਉਪਰਾਲਾ ਕਰਦਾ ਤਾਂ ਰੁਲੀਏ ਦਾ ਖਰਵਾ ਬੋਲ ਉਹਦੀ ਇੱਲਤ ਨੂੰ ਥਾਂ ਈ ਰੋਕ ਦਿੰਦਾ।

ਜਦ ਇਜੜ ਰੋਹੀ ਵਿਚ ਚਰ ਕੇ ਬੈਠ ਜਾਂਦਾ ਤਾਂ ਰੁਲੀਆ ਲਿਟ ਜਾਂਦਾ। ਬਕਟ ਨੇੜੇ ਆ ਕੇ ਬੈਠ ਜਾਂਦਾ, ਆਪਣੀ ਧੌਣ ਰੁਲੀਏ ਤੇ ਸਿਟ ਦਿੰਦਾ। ਉਹ ਇਹਦੀ ਬੂਥੀ ਤੇ ਪਿੰਡੇ ਨੂੰ ਪਲੋਸਦਾ, ਪਿਆਰ ਛੁਹਾਂ ਦੀ ਲੋਰ ਵਿਚ ਊਂਘਦਾ ਰਹਿੰਦਾ।

ਸਰਦਾਰ ਰਤਨ ਸਿੰਘ ਨੂੰ ਇਕ ਦਿਨ ਦੁੱਧ ਦੀ ਲੋੜ ਪਈ ਸੀ। ਭਾਵੇਂ ਉਹਦੇ ਘਰ ਦੋ ਮਹੀਆਂ ਲਵੇਰੀਆਂ ਸਨ ਤੇ ਜਾਂ ਉਹ ਦੁੱਧ ਮੁਲ ਵੀ ਲੈ ਸਕਦਾ ਸੀ, ਕਈ ਨੌਕਰ ਸਨ, ਭੋਏਂ ਬੰਭੀ ਸੀ, ਪੈਸਾ ਬਥੇਰਾ ਸੀ, ਹਵੇਲੀਆਂ ਦਾ ਮਾਲਕ ਸੀ। ਧੀਆਂ ਪੁਤਰ ਕਾਲਿਜ ਵਿਚ ਪੜ੍ਹਦੇ ਸਨ। ਕਈ ਹਲ ਵਗਦੇ ਸਨ।

ਜਿਥੇ ਉਹਦਾ ਕੰਮ ਮੁਫਤ ਬਣ ਸਕਦਾ ਸੀ ਉਥੇ ਉਹ ਪੈਸਾ ਕਿਉਂ ਖਰਚਦਾ ਤੇ ਉਹ ਆਪਣੇ ਬਚਿਆਂ ਦੇ ਮੂੰਹੋਂ ਦੁੱਧ ਖੋਹ ਕੇ ਪਟਵਾਰੀ ਜਾਂ ਤਹਿਸੀਲਦਾਰ ਨੂੰ ਕਿਉਂ ਦਿੰਦਾ?

ਉਸ ਦਿਨ ਸਰਦਾਰ ਨੇ ਇਕ ਚੌਕੀਦਾਰ ਨੂੰ ਰੁਲੀਏ ਦੇ ਵਾੜੇ ਦੁੱਧ ਲੈ ਆਉਣ ਲਈ ਭੇਜਿਆ। ਰੁਲੀਏ ਨੂੰ ਪੈਸਿਆਂ ਦੀ ਕੋਈ ਆਸ ਨਹੀਂ ਸੀ। ਉਹ ਸਰਦਾਰ ਤਾਂ ਛਮਕੀ ਹਿਲਾ ਹਿਲਾ ਕੇ ਈ ਪਿੰਡ ਦੇ ਮਜ਼ਦੂਰ ਕਾਮਿਆਂ ਨੂੰ ਮੁਫਤ ਮੱਕੀ ਜਾਂ ਕਣਕ ਦੀ ਗੁਡਾਈ ਲਈ ਲੈ ਜਾਂਦਾ ਸੀ ਤੇ ਰੁਲੀਏ ਨੂੰ ਉਹਨੇ ਪੌਂਡ ਤੇ ਮੋਹਰਾਂ ਦੇ ਦੇਣੀਆਂ ਸਨ? ਲੰਗੋਟੀ ਝਾੜਦੇ ਰੁਲੀਏ ਨੇ ਦੁੱਧ ਵਲੋਂ ਕੋਰਾ ਜਵਾਬ ਦੇ ਦਿਤਾ। ਜਿਸ ਉਤੇ ਸਰਦਾਰ ਸਾਹਿਬ ਬਹੁਤ ਦੁੱਖੀ ਹੋਏ। ਉਹਨੇ ਇਸ ਹਾਰ ਤੋਂ ਤੰਗ ਆ ਕੇ ਫੇਰ ਚੌਕੀਦਾਰ ਨੂੰ



Sri Satguru Jagjit Singh Ji eLibrary NamdhariElibrary@gmail.com

ਮੋੜਿਆ ਕਿ ਉਹ ਰੁਲੀਏ ਦੇ ਘਰੋਂ ਕੁਕੜੀ ਦੇ ਚਾਰ ਆਂਡੇ ਲੈ ਆਵੇ। ਰੁਲੀਏ ਦੀ ਮਾਂ ਨੇ ਸਭ ਆਂਡੇ ਉਸ ਦਿਨ ਸਵੇਰੇ ਇਕ ਬਾਈਸਿਕਲ ਵਾਲੇ ਸ਼ਹਿਰੀ ਨੂੰ ਦੇ ਦਿਤੇ ਸਨ। ਹੁਣ ਘਰ ਕੋਈ ਆਂਡਾ ਨਹੀਂ ਸੀ, ਸਰਦਾਰ ਦਾ ਕ੍ਰੋਧ ਉਤਾਰਨ ਲਈ।

ਉਸ ਦਿਨ ਪਿੰਡ ਵਿਚ ਪੁਲਸ ਆਈ ਹੋਈ ਸੀ। ਉਹਨਾਂ ਦੀ ਸੇਵਾ ਦੁੱਧ ਤੇ ਆਂਡਿਆਂ ਨਾਲ ਈ ਹੋ ਸਕਦੀ ਸੀ। ਫੇਰ ਸਾਹਿਬ ਨੇ ਇਕ ਕੁਕੜੀ ਦੀ ਮੰਗ ਕੀਤੀ। ਚੌਕੀਦਾਰ ਖੁਡੇ ਵਲ ਵਧਿਆ ਪਰ ਰੁਲੀਏ ਦੀ ਬੁੱਢੀ ਮਾਂ ਨੇ ਖਿੜਕੀ ਬੰਦ ਕਰ ਦਿਤੀ ਤੇ ਫੇਰ ਆਪਣੇ ਕੰਬਦੇ ਹੱਥ ਨਾਲ, ਕੁਕੜੀ ਦੇ ਆਂਡੇ ਵਰਗੇ ਚਿਟੇ ਖਿੰਡੇ ਵਾਲਾਂ ਨੂੰ ਸੰਭਾਲਣ ਲਗ ਪਈ। ਚੌਕੀਦਾਰ ਖਾਲੀ ਹਥ ਮੁੜ ਗਿਆ ਤੇ ਬੁੱਢੀ ਮਾਂ ਭੈਦਾਇਕ ਸੁਪਨੇ ਮਨ ਵਿਚ ਵਿਾਹੁਣ ਲਗ ਪਈ।

ਅਗਲੇ ਦਿਨ ਸਰਦਾਰ ਸਾਹਿਬ ਆਣ ਗਰਜੇ, "ਉਇ ਰੁਲੀਆ ਤੈਂ ਇਕ ਜੰਗਲੀ ਜਨੌਰ ਆਪਣੇ ਇਜੜ ਵਿਚ ਬੰਨ੍ਹਿਆ ਹੋਇਆ ਹੈ। ਇਸ ਅਪਰਾਧ ਵਿਚ ਤੈਨੂੰ ਪੁਲਸ ਦੇ ਹਵਾਲੇ ਕੀਤਾ ਜਾਊਗਾ।"

ਇਹ ਸੁਣ ਕੇ ਰੁਲੀਆ ਮਨ ਵਿਚ ਕੁਛ ਗਿੜ ਗਿੜਾਇਆ ਤੇ ਕੰਬਿਆ, ਉਹਦੀ ਜੀਭ ਥਥਲਾ ਗਈ। ਉਹਦੀ ਮਾਂ ਕੁਬੀ ਕੁਬੀ, ਸੋਟੀ ਦੇ ਸਹਾਰੇ ਸਰਦਾਰ ਵੱਲ ਵਧੀ। ਉਹਦੇ ਪੈਰੀਂ ਝੁੰਨਾ ਧਰਨ ਲਈ ਪਰ ਉਹ ਇਉਂ ਪਿਛੇ ਹਟ ਗਿਆ ਜਿਵੇਂ ਉਸ ਵਲ ਕੋਈ ਦੋਮੂੰਹੀ ਨਾਗਣੀ ਆਪਣੀ ਸਿਰੀ ਉਚੀ ਕਰੀ ਆ ਰਹੀ ਹੋਵੇ।

"ਹਰਾਮ ਦਿਆ ਪੁੱਤਾ, ਤੂੰ ਜੇਲ੍ਹ ਜਾਏਂਗਾ!" ਕਹਿੰਦਿਆਂ ਸਰਦਾਰ ਦੇ ਚਿਹਰੇ ਤੇ ਕਰੋਧ ਦੀ ਲਾਲੀ ਫਿਰ ਗਈ।

ਉਹ ਆਪਣੇ ਹੱਥ ਵਿਚ ਚਾਂਦੀ ਦੇ ਮੁਠੇ ਵਾਲੀ ਛਟੀ ਹਿਲਾਉਂਦਾ ਦੰਦ ਪੀਂਹਦਾ ਤੁਰ ਗਿਆ। ਰੁਲੀਏ ਦੀ ਮਾਂ ਅਸਫਲ ਈ ਆਪਣੀ ਚਾਦਰ ਦੇ ਪੱਲੇ ਨਾਲ ਅੱਖਾਂ ਪੂੰਝਦੀ ਰਹਿ ਗਈ। ਤਾਰਿਆਂ ਵਾਂਗ ਉਹਦੀਆਂ ਅੱਖਾਂ ਵਿਚ ਹੰਝੂ ਝੜ ਰਹੇ ਸਨ।

ਉਸ ਰਾਤ ਚਿਰ 'ਤਾਈਂ ਰੁਲੀਏ ਦੀਆਂ ਅੱਖਾਂ ਵਿਚ ਨੀਂਦ ਨਾ ਪਈ। ਉਹ ਕੰਬਦੇ ਤਾਰਿਆਂ ਵਲ ਝਾਕਦਾ ਰਿਹਾ। ਕਿੰਨੇ ਈ ਤਾਰੇ ਅਸਮਾਨ ਵਿਚ ਟੁਟਦੇ ਰਹੇ ਤੇ ਉਹਨਾਂ ਦੀਆਂ ਚਾਂਦੀ ਰੰਗੀਆਂ ਪੈੜਾਂ ਮਿਟਦੀਆਂ ਰਹੀਆਂ। ਉਹ ਕਈ ਵਾਰ ਆਪਣੇ ਮੰਜੇ ਤੋਂ ਉਠਿਆ ਤੇ ਬਕਟ ਦੀ ਬੂਥੀ ਨੂੰ ਉਪਰ ਚੁਕਕੇ ਆਪਣੇ ਬੁਲ੍ਹਾਂ ਨਾਲ ਛੁਹਾ ਕੇ ਘੁਟਦਾ ਰਿਹਾ। ਛੇਕੜ ਉਹ ਬੋਲਿਆ, "ਮੋਤੀ! ਕੀ ਹੁਣ ਤੂੰ ਮੈਨੂੰ ਛਡ ਜਾਏਂਗਾ?"

"ਹੂਉਂ, ਹੂਉਂ!" ਬਕਟ ਦੇ ਮੂੰਹ ਵਿਚੋਂ ਵਾਜ ਆਈ ਤੇ ਫੇਰ ਉਹ ਸ਼ਾਂਤੀ ਨਾਲ ਲਿਟ ਗਿਆ ਤੇ ਨੀਂਦ ਦੀ ਸੰਘਣੀ ਅਥਾਹ ਗੁਫਾ ਵਿਚ ਜਾ ਗੁੰਮਿਆ।

ਅਗਲੇ ਦਿਨ ਆਥਣੇ ਇਕ ਲਾਲ ਪਗੜੀ ਵਾਲਾ, ਰੁਲੀਏ ਦੇ ਘਰ ਦੇ ਅਗੇ ਖੜਾ ਸੀ ਤੇ ਉਹਦੇ ਹੱਥ ਵਿਚ ਖਾਖੀ ਜਿਹੇ ਕਾਗਤ ਦਾ ਇਕ ਪੱਤਰਾ ਸੀ। ਝੁੰਨਾ ਸੰਭਾਲਦੀ ਬੁਢੀ ਮਾਂ ਦੇ ਹੱਥ ਕੰਬ ਰਹੇ ਸਨ। ਰੁਲੀਆ ਅੰਦਰ ਵੜਿਆ ਤੇ ਮਾਂ ਦੀ ਇਕ ਮੈਲੀ ਜਿਹੀ ਪੋਟਲੀ ਵਿਚੋਂ ਪੰਜਾਂ ਰੁਪਈਆਂ ਦਾ ਇਕ ਨੋਟ ਕੱਢਿਆ ਤੇ ਉਹਦੀਆਂ ਤਹਿਆਂ ਖੋਲ੍ਹਦਾ ਸਿਪਾਹੀ ਵਲ ਵਧਿਆ ਤੇ ਤਖਤੇ ਦੇ ਉਹਲੇ ਹੋ ਕੇ ਉਹਨੇ ਸਿਪਾਹੀ ਦੇ ਅਗੇ ਵਧੇ ਹਥ ਉਤੇ ਉਹ ਨੋਟ ਟਿਕਾ ਦਿਤਾ, ਜਿਹੜਾ ਉਹਨੇ ਕਈ ਦਿਨ ਬਕਰੀਆਂ ਦਾ ਦੁੱਧ ਵੇਚ ਕੇ ਖੱਟਿਆ ਸੀ, ਮੇਮਣਿਆਂ ਦੇ ਮੂੰਹ ਵਿਚੋਂ ਦੁਧ ਖੋਹ ਖੋਹ ਕੇ, ਉਹਨਾਂ ਦੇ ਖਾਲੀ ਲੱਕੇ ਅੰਦਰ ਵਾੜ ਵਾੜ ਕੇ। ਤਾਂ ਵੀ ਰੁਲੀਏ ਨੇ ਇਹ ਜਾਣਿਆ ਕਿ ਉਹਨੇ ਕੁਛ ਗੰਵਾਇਆ ਨਹੀਂ ਕਮਾਇਆ ਹੈ। ਹੁਣ ਉਹ ਜੇਲ੍ਹ ਵਿਚ ਨਹੀਂ ਜਾਊਗਾ। ਆਪਣੀਆਂ ਬਕਰੀਆਂ ਚਾਰਿਆ ਕਰੂਗਾ ਤੇ ਮੇਮਣਿਆਂ ਦੇ ਖਾਲੀ ਢਿਡਾਂ ਨੂੰ ਬੇਰੀ ਦੇ ਪਤਿਆਂ ਨਾਲ ਭਰਿਆ ਕਰੂਗਾ। ਉਹਦਾ ਇਜੜ ਬਣਿਆ ਰਹੂਗਾ, ਉਹਦਾ ਪਰਵਾਰ ਸਜਿਆ ਰਹੂਗਾ, ਬਕਟ ਉਸ ਨਾਲੋਂ ਨਹੀਂ ਵਿਛੜੂਗਾ, ਉਹਦਾ ਪਿਆਰ ਨਹੀਂ ਟੁਟੂਗਾ, ਉਹਦੀ ਜੀਵਨ ਰੌ ਨਹੀਂ ਟੁਟੂਗੀ। ਬਕਰੀਆਂ ਮੋਤੀ ਨੂੰ ਨਹੀਂ ਓਦਰਨਗੀਆਂ।

ਪਰ ਪੱਕ ਰਹੀਆਂ ਬੱਲੀਆਂ ਉਤੇ ਗੜੇ ਪੈ ਗਏ। ਸਿਪਾਹੀ ਮੁੜ ਗਿਆ, ਸਰਦਾਰ ਆ ਧਮਕਿਆ, ਉਹ ਸ਼ਿਕਾਰ ਖੇਡ ਕੇ ਆਇਆ ਸੀ। ਪਰ ਉਹਦੇ ਹਥ ਅਜ ਕੋਈ ਜਨੌਰ ਨਹੀਂ ਸੀ ਆਇਆ। ਅਜ ਦੀ ਅਸਫਲਤਾ ਦਾ ਸਾਰਾ ਕ੍ਰੋਧ ਹੁਣ ਰੁਲੀਏ ਉਤੇ ਉਤਰਿਆ। ਉਹਨੇ ਬੰਦੂਕ ਤਾਣ ਲਈ ਤੇ ਬਕਟ ਵਲ ਸਿਧੀ ਕੀਤੀ। ਉਸੇ ਵੇਲੇ ਰੁਲੀਆ ਸਰਦਾਰ ਦੇ ਪੈਰਾਂ ਉਤੇ ਡਿਗ ਪਿਆ, "ਸਰਦਾਰ ਜੀ, ਤੁਸੀਂ ਖਿਮਾਂ ਕਰੋ, ਨਾ ਮਾਰੋ ਇਸ ਨਿਰਦੋਸ਼ ਨੂੰ, ਮੈਂ ਇਹਨੂੰ ਰੋਹੀ ਵਿਚ ਛਡ ਆਊਂਗਾ," ਸਰਦਾਰ ਚਲਿਆ ਗਿਆ।

ਅਗਲੇ ਆਥਣ ਜਦ ਵਾੜੇ ਵਿਚ ਰੁਲੀਆ ਆਪਣੀਆਂ ਬਕਰੀਆਂ ਦੀ ਧਾਰ ਚੋ ਰਿਹਾ ਸੀ ਤਾਂ ਸਰਦਾਰ ਦੇ ਸਾਹਿਬਜ਼ਾਦੇ ਨੇ ਆ ਪੈਰ ਪਾਏ। ਬੈਂਤ ਦੀ ਛਟੀ ਉਹਦੇ ਕੂਲੇ ਹਥਾਂ ਵਿਚ



Sri Satguru Jagjit Singh Ji eLibrary NamdhariElibrary@gmail.com

ਸੂਕ ਰਹੀ ਸੀ। ਵਾੜੇ ਵਿਚੋਂ ਭਾਵੇਂ ਸੰਗੋਹ ਦੀ ਦੁਰਗੰਧ ਉਹਦੀਆਂ ਨਾਸਾਂ ਨੂੰ ਔਖਾ ਕਰ ਰਹੀ ਸੀ ਪਰ ਉਹ ਕ੍ਰੋਧ ਦੇ ਬੁਲੇ ਹੇਠ ਅਗਾਂਹ ਵਧ ਗਿਆ ਤੇ ਬਕਟ ਦੇ ਗਲ ਚੰਮ ਦਾ ਪਟਾ ਪਾਉਣ ਲਈ ਘੇਰਾ ਪਾਉਣ ਲੱਗਾ। ਬਕਟ ਨੇ ਬਕਰੀਆਂ ਵਿਚ ਕੁਰਲਾਟ ਪਾ ਦਿਤਾ। ਬਕਟ ਵੱਡਾ ਸੀ ਤੇ ਬਕਰੀਆਂ ਛੋਟੀਆਂ, ਲੁਕਦਾ ਕਿਥੇ। ਉਹ ਸਿਆਲ ਦੀ ਰਾਤ ਦੇ ਤਾਰਿਆਂ ਵਾਂਗ ਕੰਬ ਰਿਹਾ ਸੀ। ਭੋਰੂ ਵੀ ਆਪਣੇ ਸਜਣ ਦੀ ਮਦਤ ਲਈ ਲਪਕਿਆ। ਪਰ ਰੁਲੀਏ ਨੇ ਛੇਤੀ ਚੁਪ ਕਰਾ ਦਿਤਾ, ਕਿਉਂਕਿ ਇਸ ਤਰ੍ਹਾਂ ਰਾਏਜ਼ਾਦੇ ਦੀ ਹਤਕ ਸੀ ਤੇ ਕ੍ਰੋਧ ਦੇ ਵਧਣ ਦਾ ਡਰ ਸੀ। ਮਿਕ ਮਿਕ ਕਰਦੀਆਂ ਬਕਰੀਆਂ ਸਹਿਮ ਗਈਆਂ, ਸੁੰਗੜ ਗਈਆਂ। ਉਹ ਪੀਲੀਆਂ ਅੱਖਾਂ ਨਾਲ ਬੁੱਚੜ ਨੂੰ ਪਛਾਣ ਕੇ ਘੂਰ ਰਹੀਆਂ ਸਨ। ਪਰ ਅੱਖ ਦੀ ਤੱਕਣੀ ਨਾਲ ਨਿਰਲੱਜ ਬੇਹਿਆ ਪਾਪੀ ਮਰ ਤਾਂ ਨਹੀਂ ਜਾਂਦਾ ਨਹੀਂ ਤਾਂ ਇਹਨਾਂ ਦਾ ਵਾਧਾ ਰੁਕ ਨਾ ਜਾਵੇ? ਘ੍ਰਿਣਾ ਇਕ ਅਸਫਲ ਹਥਿਆਰ ਬਣ ਕੇ ਡਿਗ ਪੈਂਦੀ ਹੈ।

ਛੋਕੜ ਰਾਏਜ਼ਾਦੇ ਨੇ ਬਕਟ ਦੇ ਗਲ ਵਿਚ ਪਟਾ ਪਾ ਈ ਲਿਆ। ਉਹਦੇ ਨਾਲ ਪਿੰਡ ਦੇ ਦੋ ਚਾਰ ਹੋਰ ਵੀ ਇਲਤੀ ਮੁੰਡੇ ਸਨ। ਬਕਟ ਬਕਰੀਆਂ ਦੇ ਪੈਰਾਂ ਵਿਚ ਲਿਟ ਗਿਆ। ਉਹਨੂੰਛਮਕੀਆਂ ਨਾਲ ਉਠਾਇਆ ਗਿਆ।.ਡਰ ਮਾਰਿਆ ਹਰਨ ਪਿਛੇ ਪਿਛੇ ਇਉਂ ਤੁਰ ਪਿਆ ਜਿਵੇਂ ਹਥਕੜੀਏਂ ਨਰੜਿਆ ਅਪਰਾਧੀ ਪੁਲਸ ਦੇ ਸਿਪਾਹੀ ਮਗਰ ਤੁਰਦਾ ਹੈ ਤੇ ਆਪਣੇ ਘਰ ਵਲ ਤੇ ਫੇਰ ਪਿੰਡ 'ਵਲ ਤੇ ਫੇਰ ਜੂਹ ਵੱਲ ਝਾਕਦਾ ਜਾਂਦਾ ਹੈ।

ਆਪਣੇ ਡੁਲ੍ਹੇ ਦੁੱਧ ਦਾ ਰੁਲੀਏ ਨੂੰ ਕੋਈ ਦੁੱਖ ਨਹੀਂ ਸੀ ਪਰ ਚੰਡਾਲ ਦੇ ਹੱਥੀਂ ਘੜੀਸਿਆ ਜਾਂਦਾ, ਹੱਥੀਂ ਪਾਲਿਆ ਬਕਟ ਦੇਖ ਕੇ ਉਹਨੇ ਧਾ ਮਾਰੀ।

"ਹਾਏ! ਉਏ ਮੇਰਾ ਮੋਤੀ।"

ਰੁਲੀਏ ਦੇ ਮੂੰਹੋਂ ਮੋਤੀ ਸੁਣਕੇ ਬਕਟ ਪਿਛੇ ਝਾਕਿਆ। ਉਹਦੀ ਪਿਠ ਉਤੇ ਇਕ ਛਮਕੀ ਧਸ ਗਈ। ਉਹ ਨਿਕੀ ਪੂਛ ਕੰਬਦੀਆਂ ਲੱਤਾਂ ਵਿਚ ਦੇ ਕੇ ਤੁਰ ਪਿਆ।

ਰੁਲੀਆ ਭੁੱਬ ਮਾਰਕੇ ਡਿਗ ਪਿਆ। ਨੇੜੇ ਦੇ ਆਦ-ਮੀਆਂ ਦੇ ਦਿਲਾਂ ਵਿਚ ਇਕ ਕੰਬਣੀ ਛਿੜ ਗਈ। ਇਹ ਧੱਕਾ ਸੀ, ਪਰ ਰਈਸ ਜ਼ਾਦੇ ਨੂੰ ਕੋਣ ਰੋਕੇ। ਬਕਟ ਵੀ ਆਪਣੇ ਡਿਗੇ ਪਏ ਸੁਆਮੀ ਉਤੇ ਦੋ ਹੰਝੂ ਨਾ ਕੇਰ ਸਕਿਆ।

ਰੁਲੀਏ ਦੇ ਸਰੀਰ ਵਿਚ ਜਿਵੇਂ ਬਿਜਲੀ ਦੀ ਲਹਿਰ ਫਿਰ ਗਈ ਹੋਵੇ ਉਹ ਇਕ ਦਮ ਉਠਿਆ ਤੇ ਨੱਠ ਕੇ ਬਕਟ ਦੀ ਧੌਣ ਨਾਲ ਚਿੰਬੜ ਗਿਆ, ਬਕਟ ਦੀਆਂ ਮੋਟੀਆਂ ਅੱਖਾਂ ਵਿਚੋਂ ਤਤੇ ਪਾਣੀ ਦੇ ਦੋ ਡੁਬਕੇ ਰੁਲੀਏ ਦੀ ਪਤਝੜ ਮਾਰੀ ਗੱਲ੍ਹ ਉਤੇ ਡਿਗੇ।

ਰੁਲੀਏ ਦੀ ਪਿੱਠ ਉਤੇ ਛਮਕੀਆਂ ਦੀ ਵਾਛੜ ਹੋਈ। ਲਾਲ ਲਾਸਾਂ ਉਹਦੇ ਸਰੀਰ ਉਤੇ ਉਘੜ ਆਈਆਂ ਜਿਹੜੀਆਂ ਉਹਦੇ ਪਾਟੇ ਹੋਏ ਕੁੜਤੇ ਦੀਆਂ ਮੋਰੀਆਂ ਵਿਚੋਂ ਸਾਫ ਦਿਸ ਰਹੀਆਂ ਸਨ। ਛੋਕੜ ਰੁਲੀਏ ਦੇ ਹੱਥ ਢਿਲੇ ਹੋ ਕੇ ਬਕਟ ਦੀ ਧੌਣ ਨਾਲੋਂ ਟੁੱਟ ਗਏ।

ਰੁਲੀਏ ਨੂੰ ਡਰ ਸੀ ਕਿ ਰਾਏਜ਼ਾਦਾ ਜ਼ਰੂਰ ਬਕਟ ਨੂੰ ਮਾਰ ਕੇ ਖਾ ਜਾਊ ਕਿਉਂਕਿ ਉਹ ਰੋਹੀ ਦੇ ਬੀਮਾਰ ਹਰਨਾਂ ਨੂੰ ਮਾਰਨੋ ਵੀ ਸੰਕੋਚ ਨਹੀਂ ਸੀ ਕਰਦਾ। ਰੁਲੀਏ ਨੇ ਫੇਰ ਲੇਰ ਮਾਰੀ।

"ਹਾਏ ਮੇਰਾ ਮੋਤੀ!"

ਸੰਧਿਆ ਹੋ ਰਹੀ ਸੀ। ਮੰਦਰ ਦੇ ਕਲਸ ਦੀ ਪ੍ਰੇਮ ਤਕਣੀ ਬੇਅਰਥ ਈ ਡੁਲ੍ਹ ਰਹੀ ਸੀ। ਗੁਰਦੁਆਰੇ ਦਾ ਘੜਿਆਲ ਨਾ ਖੜਕਿਆ ਤੇ ਨਾ ਈ ਸੰਤਾਂ ਦੇ ਡੇਰੇ ਦਾ ਸੰਖ ਵਿਲਕਿਆ। ਚਾਨਣ ਵਿਚ ਅੰਨ੍ਹੇਰਾ ਅਜੇ ਘੁਲ ਈ ਰਿਹਾ ਸੀ, ਸ਼ਿਵਾਲੇ ਅਜੇ ਜੋਤਾਂ ਨਹੀਂ ਸਨ ਜਗੀਆਂ, ਪਛਮ ਦੀ ਹਵਾ ਜਿਹੜੀ ਸਾਰਾ ਦਿਨ ਸਰੀਰਾਂ ਤੇ ਕਪੜਿਆਂ ਨੂੰ ਛੇੜਦੀ ਰਹੀ ਸੀ, ਹੁਣ ਅਹਿਲ ਸੀ।

"ਤੈਂ ਕਿਉਂ ਜੰਗਲੀ ਜਨੌਰ ਨੂੰ ਆਪਣੇ ਵਾੜੇ ਬੰਨ੍ਹਿਆ?" ਸਾਹਿਬਜ਼ਾਦੇ ਦਾ ਕਰੋਧ ਫੁਟਿਆ!

"ਛੋਟੇ ਸਰਦਾਰ, ਮੈਂ ਇਹਨੂੰ ਕੱਲ ਨੂੰ ਦੂਰ ਰੋਹੀ ਵਿਚ ਛੱਡ ਆਊਂਗਾ। ਅੱਜ ਦੀ ਰਾਤ ਛੱਡ ਦੇ।" ਬਕਟ ਦੀ ਜਿੰਦ ਬਚਾਉਣ ਲਈ ਰੁਲੀਏ ਨੇ ਵਚਨ ਕੀਤਾ। ਚਹੁੰ ਭਲੇ ਮਾਣਸਾ ਦੀ ਜੀਭ ਖੁਲ੍ਹੀ "ਓਏ ਸਹੁਰੀ ਦਿਆ, ਤੈਂ ਕਿਉਂ ਰਖਿਆ ਏ, ਹਰਨ ਆਪਣੇ ਵਾੜੇ?...... ਤੈਂ ਕੀ ਇਹਦਾ ਦੁਧ ਚੋਣੈ?" ਇਕ ਧੌਲ ਦਾਹੜੀਆ ਨਿਆਂਕਾਰੀ ਲਹਿਜੇ ਵਿਚ ਦਇਆਵਾਨ ਹੋ ਕੇ ਅਗੇ ਵਧਿਆ।

"ਬਾਬਾ, ਮੈਂ ਛੱਡ ਦਿਊਂਗਾ ਸਵੇਰੇ!"

"ਚਲੋ, ਫੈਸਲਾ ਹੋਇਆ!" ਇਕ ਹੋਰ ਖੁਸ਼ੀ ਵਿਚ ਕੂਇਆ। ਸਾਹਬਜ਼ਾਦੇ ਨੇ ਗਲੋਂ ਪਟਾ ਖੋਹਲਿਆ ਤੇ ਪਿਠ ਮਰੋੜ ਕੇ ਤੁਰ ਗਿਆ। ਭੀੜ ਖਿੰਡ ਗਈ। ਬਕਟ ਵਾੜੇ ਜਾ ਵੜਿਆ ਟਪੂਸੀਆਂ ਮਾਰਦਾ।



Sri Satguru Jagjit Singh Ji eLibrary NamdhariElibrary@gmail.com

ਅਗਲੇ ਦਿਨ ਰੁਲੀਆ, ਇੱਜੜ ਰੋਹੀ ਵਿਚ ਲੈ ਗਿਆ। ਬਕਟ ਦੇ ਗਲ ਬਾਹਾਂ ਪਾ ਕੇ ਛੇਕੜਲੀ ਮਿਲਣੀ ਕੀਤੀ ਤੇ ਕਿਹਾ, "ਜਾਹ ਮਿਤਰਾ, ਇਹ ਮੇਰਾ ਪਿਆਰ ਲੈ ਜਾ ਰੋਹੀਆਂ ਵਿਚ, ਮੁੜ ਮੇਰੇ ਨੇੜੇ ਨਾ ਆਵੀਂ, ਏਥੇ ਤੇਰੀ ਮੌਤ ਦੰਦ ਖੋਹਲੀ ਤੇਰੀ ਭਾਲ ਵਿਚ ਫਿਰਦੀ ਐ।

ਜਾਨਵਰ ਨਾ ਸਮਝਿਆ, ਉਹ ਰੁਲੀਏ ਦੇ ਉਦਾਲੇ ਗੇੜੇ ਕੱਢਣ ਲੱਗ ਪਿਆ। ਭੌਰੂ ਨੂੰ ਉਹਦੇ ਪਿਛੇ ਪਾਉਣ ਦਾ ਜਤਨ ਵੀ ਅਸਫਲ ਈ ਰਿਹਾ। ਉਹ ਜਿਹਦਾ ਮਿਤਰ ਬਣ ਚੁਕਿਆ ਸੀ, ਹੁਣ ਉਹ ਇਹਦੀਆਂ ਲੱਤਾਂ ਕਿਵੇਂ ਪਾੜਦਾ? ਕਈ ਵਾਰ ਡਾਂਗ ਰੁਲੀਏ ਨੇ, ਬਕਟ ਦੇ ਡਰਾਵੇ ਲਈ ਹਵਾ ਵਿਚ ਘੁਮਾਈ ਪਰ ਬੇ ਅਰਥ। ਬਕਟ ਨੇ ਪਿਛਾ ਨਾ ਛਡਿਆ। ਹਰਨਾਂ ਦੀ ਇਕ ਡਾਰ ਅਗਿਓਂ ਲੰਘ ਗਈ। ਬਕਟ ਨੇ ਉੱਕਾ ਧਿਆਨ ਨਾ ਕੀਤਾ। ਡਾਰ ਖੜ੍ਹ ਗਈ, ਆਪਣੀ ਜ਼ਾਤ ਦੇ ਪਿਆਰ ਨੂੰ ਹਵਾ ਵਿਚੋਂ ਸੁੰਘਿਆ ਪਰ ਬਕਟ ਕੋਲ ਆਦਮ ਜ਼ਾਤ ਖੜੋਤੀ ਦੇਖ ਉਹ ਘਿਰਨਾ ਦੀ ਝਾਤ ਮਾਰਕੇ ਹਵਾ ਵਿਚ ਟਪੋਸ਼ੀਆਂ ਮਾਰਦੇ ਦੂਰ ਲੋਪ ਗਏ।

ਬਕਟ ਨਾ ਵਿਛੜਿਆ। ਓੜਕ ਜਦ ਆਥਣੇ ਇਜੜ ਪਿੰਡ ਨੂੰ ਮੁੜਿਆ ਤਾਂ ਅੱਕ ਕੇ ਰੁਲੀਏ ਨੇ ਦੋ ਡਾਗਾਂ ਉਹਦੀ ਪਿਠ ਉਤੇ ਮਾਰੀਆਂ, ਬਕਟ ਰੋਹੀ ਨੂੰ ਨੱਠ ਗਿਆ। ਰੁਲੀਏ ਪਿਠ ਘੁਮਾਈ। ਬੱਕਟ ਬਕਰੀਆਂ ਵਿਚ ਸੀ।

ਰੁਲੀਆ ਬਹੁਤ ਦੂਰ ਤਾਂਈ ਉਹਦੇ ਪਿਛੇ ਨੱਠਿਆ, ਉਹਨੂੰ ਇਕ ਸੰਘਣੀ ਝਿੜੀ ਵਿਚ ਵਾੜ ਆਇਆ। ਹੁਣ ਉਹਨੂੰ ਭਰੋਸਾ ਸੀ ਕਿ ਨਹੀਂ ਪਰਤੂਗਾ। ਇਸ ਤਰ੍ਹਾਂ ਉਹਨੂੰ ਪੱਟੜੀ ਤੋਂ ਪਾਰ ਈ ਅੰਨ੍ਹੇਰਾ ਹੋ ਗਿਆ ਸੀ ਤੇ ਮੁੜ ਆਪਣੀਆਂ ਖਿੰਡੀਆਂ ਬਕਰੀਆਂ ਸਾਂਭ ਲਈਆਂ। ਵਾੜੇ ਵੜਦਿਆਂ ਪਿੰਡ ਦੇ ਦੀਵੇ ਜਗ ਚੁਕੇ ਸਨ।

ਨਿਸਚਿੰਤ ਰੁਲੀਆ ਮੰਜੀ ਉਤੇ ਲਿਟਿਆ ਪਿਆ ਸੀ। ਵਾੜੇ ਦੀ ਖਿੜਕੀ ਮੂਹਰੇ ਘੁਰ ਘੁਰ ਹੋਈ, ਕਿੜ ਕਿੜ ਵਾਣ ਦਾ ਮੰਜਾ ਕੜਕਿਆ, ਰੁਲੀਏ ਨੇ ਕੁੰਡੀ ਖੋਹਲੀ, ਬਕਟ ਅੰਦਰ ਆਇਆ। ਮਿਣ ਮਿਣ ਨਾਲ ਬਕਰੀਆਂ ਨੇ ਸੁਆਗਤ ਕੀਤਾ।

"ਓ ਕਮਬਖਤ, ਤੇਰੀ ਮੌਤ ਤੇਰਾ ਪਿੱਛਾ ਨਹੀਂ ਛਡਦੀ!" ਰੁਲੀਏ ਨੇ ਪਿਠ ਤੇ ਹੱਥ ਫੇਰਦਿਆਂ ਹੌਲੀ ਹੌਲੀ ਕਿਹਾ। ਆਸਮਾਨ ਉਤੇ ਤਾਰੇ ਕੰਬ ਰਹੇ ਸਨ।

ਲੰਮੀ ਰਾਤ ਤਾਈਂ ਰੁਲੀਆ ਆ ਰਹੇ ਵਿਛੋੜੇ ਦੇ ਚਿਤਰ ਵਾਹੁੰਦਾ ਰੋਂਦਾ ਰਿਹਾ। ਚਿਰ ਤਾਈਂ ਉਹਦੀਆਂ ਸਿਸਕੀਆਂ ਬੰਦ ਨਾ ਹੋਈਆਂ।

ਕੁੱਕੜ ਦੀ ਬਾਂਗ ਤੋਂ ਪਹਿਲਾਂ ਉਹ ਉਠਿਆ ਤੇ ਬਕਟ ਦੀਆਂ ਅੱਖਾਂ ਉਤੇ ਪਰਨਾ ਬੰਨ੍ਹ ਦਿਤਾ ਤੇ ਧੂ ਕੇ ਤੁਰ ਪਿਆ। ਨਾਂਹ ਨੁਕਰ ਕਰਦਾ ਬਕਟ ਅੰਨ੍ਹੇ ਰਾਹ ਤੇ ਤੁਰ ਪਿਆ। ਊਂਘ ਤੋੜਦੀਆਂ ਬਕਰੀਆਂ ਮਿਆਂਕ ਕੇ ਚੁਪ ਹੋ ਗਈਆਂ।

ਰੁਲੀਆ ਸੂਰਜ ਦੀ ਟਿੱਕੀ ਦਿਸਣ ਤੋਂ ਪਹਿਲਾਂ ਕਈ ਕੋਹ ਦਾ ਪੈਂਡਾ ਮਾਰਕੇ ਬਕਟ ਨੂੰ ਛੱਡ ਕੇ ਮੁੜ ਪਿਆ ਸੀ।

ਸਾਰਾ ਦਿਨ ਸਿਰ ਤੋਂ ਲੰਘ ਗਿਆ। ਰੁਲੀਆ ਇੱਜੜ ਚਾਰ ਕੇ ਘਰ ਨੂੰ ਮੁੜਿਆ। ਦਿਨ ਛਿਪ ਗਿਆ, ਅੰਨ੍ਹੇਰਾ ਹੋ ਗਿਆ। ਦੀਵੇ ਜਗੇ ਤੇ ਬੁਝ ਗਏ। ਆਟੇ ਦੀ ਮਸ਼ੀਨ ਦੀ ਤੁਕ ਤੁਕ ਬੰਦ ਹੋ ਗਈ। ਲੋਕ ਸੌਂ ਗਏ।

ਵਾੜੇ ਦੀ ਖਿੜਕੀ ਅਗੇ ਘੁਰ ਘੁਰ ਫੇਰ ਹੋਈ। ਰੁਲੀਆ ਸੌਂ ਰਿਹਾ ਸੀ। ਭੌਰੂ ਆਪਣੇ ਮਿਤਰ ਦਾ ਬੋਲ ਪਛਾਣ ਗਿਆ। ਮੰਜੇ ਦੀ ਬਾਹੀ ਉਹਨੇ ਪੰਜੇ ਨਾਲ ਘਰੋੜੀ। ਇਕ ਨਹੁੰ ਵਿਚ ਰੁਲੀਏ ਦੀ ਚਾਦਰ ਫਸ ਕੇ ਤੁਣਕੀ ਗਈ। ਰੁਲੀਆ ਜਾਗਿਆ। ਭੌਰੂ ਬੇਚੈਨੀ ਨਾਲ ਚਊਂ ਚਊਂ ਕਰਦਾ ਸੀ ਤੇ ਫੇਰ ਖਿੜਕੀ ਵਲ ਤੁਰ ਪਿਆ ਤੇ ਰੁਲੀਆ ਉਹਦੇ ਪਿਛੇ।

ਪਿੰਡ ਦੇ ਕੁਤਿਆਂ ਦਾ ਟੋਲਾ ਬਕਟ ਉਤੇ ਟੁੱਟ ਪਿਆ। ਭੌਰੂ ਨੇ ਆਪਣੇ ਪੁਰਾਣੇ ਮਿਤਰ ਦੀ ਮਦਤ ਵਿਚ ਪਿੱਠ ਉਤੋਂ ਦੰਦ ਖਾਧੇ। ਅਸਫਲ ਭੌਰੂ ਮੁੜ ਆਇਆ। ਬਕਟ ਜਾਨ ਬਚਾ ਕੇ ਨੱਠ ਗਿਆ। ਹਵਾ ਵਿਚ ਗੂੰਜਦੀਆਂ ਅਵਾਜ਼ਾਂ ਢਿਲੀਆਂ ਪੈ ਕੇ ਸੌਂ ਗਈਆਂ। ਰੁਲੀਆ ਜਾਗਦਾ ਰਿਹਾ ਤੇ ਕੰਬਦੇ ਤਾਰਿਆਂ ਵਲ ਝਾਕਦਾ ਰਿਹਾ। ਘੁਰ ਘੁਰ ਨਾ ਹੋਈ।

ਬਕਟ ਨਾ ਆਇਆ।

ਅਗਲੇ ਦਿਨ ਸੂਰਜ ਦੀ ਟਿਕੀ ਦਿਸਣ ਤੋਂ ਪਹਿਲਾਂ ਰੁਲੀਆ ਉਠਿਆ ਤੇ ਵਾੜੇ ਦੀ ਖਿੜਕੀ ਖੋਲ੍ਹ ਕੇ ਬਾਹਰ ਆਇਆ ਤਾਂ ਦੇਖਿਆ ਕਿ ਇਕ ਕੰਧ ਦੇ ਕੋਲ ਇਕ ਹਰਨ ਦੀ ਲੋਥ ਪਈ ਹੈ। ਪਿੰਡ ਦੇ ਲੰਡਰ ਕੁਤੇ ਉਹਦੇ ਉਦਾਲੇ ਘੁੰਮ ਰਹੇ ਸਨ। ਕੰਧ ਦੀਆਂ ਜੜ੍ਹਾਂ ਵਿਚ ਲਹੂ ਡੁਲ੍ਹਿਆ ਪਿਆ ਸੀ। ਮਰੇ ਪਏ ਬਕਟ ਦੇ ਗਲ ਬਾਂਹ ਪਾ ਕੇ ਰੁਲੀਏ ਨੇ ਭੁੱਬ ਮਾਰੀ, "ਹਾਏ, ਮੇਰਾ ਮੋਤੀ!"

ਅਸ਼ਬਦੀ ਰੂਪ ਭਾਵ ਉਹਦੇ ਹਿਰਦੇ ਵਿਚ ਫਿਰ ਰਿਹਾ ਸੀ—ਨਾ ਤਾਂ ਲੋਕ ਕੁੜੀਆਂ ਨੂੰ ਪਿਆਰ ਕਰਨ ਦਿੰਦੇ ਹਨ ਤੇ ਨਾ ਜਨੌਰਾਂ ਨੂੰ!

ਸਰਦਾਰ ਸਾਹਿਬ ਦੇ ਕੁੱਤਿਆਂ ਦੀ ਸੈਨਾ ਲਹੂ ਲਿੱਬੜੇ ਦੰਦ ਖੋਹਲੀ ਉਦਾਲੇ ਘੁੰਮ ਰਹੀ ਸੀ। (( !! ))



Sri Satguru Jagjit Singh Ji eLibrary NamdhariElibrary@gmail.com

ਪ੍ਰਬੰਧ-ਕਾਵਿ

# "ਜੈਸਾ ਸਤਿਗੁਰ ਸੁਣੀਦਾ"

**ਲੇਖਕ—ਪ੍ਰੋ. ਕਿਰਪਾਲ ਸਿੰਘ ਕਸੇਲ**

ਪ੍ਰੋ. ਕਿਰਪਾਲ ਸਿੰਘ ਕਸੇਲ, ਜਿਨ੍ਹਾਂ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਿਚ ਲਗਪਗ ਸਾਰੇ ਹੀ ਸਾਹਿਤ ਰੂਪਾਂ ਵਿਚ ਅਨੇਕਾਂ ਪੁਸਤਕਾਂ ਪਾਈਆਂ ਹਨ ਅਤੇ ਆਪਣਾ ਸਾਰਾ ਜੀਵਨ ਹੀ ਪੰਜਾਬੀ ਅਧਿਆਪਨ ਦੇ ਲੇਖੇ ਲਾਇਆ ਹੈ—ਕਿਸੇ ਵੀ ਜਾਣ-ਪਛਾਣ ਦੇ ਮੁਥਾਜ ਨਹੀਂ। ਅਨੇਕਾਂ ਮਾਨ-ਸਨਮਾਨਾਂ ਨਾਲ ਅਲੰਕ੍ਰਿਤ ਆਪ ਸਰਬ ਸਤਿਕਾਰਤ ਉੱਚ-ਦੁਮਾਲੜੀ ਸ਼ਖ਼ਸੀਅਤ ਹਨ। ਪੰਜਾਬੀ ਭਾਸ਼ਾ ਦੀ ਉੱਨਤੀ ਅਤੇ ਇਸ ਦੇ ਬਣਦੇ ਉੱਚ-ਅਸਥਾਨ ਦੀ ਪ੍ਰਾਪਤੀ ਲਈ ਜਥੇਬੰਦਕ ਸੰਘਰਸ਼ ਵਿਚ ਵੀ ਆਪ ਅੱਗੇ ਅੱਗੇ ਰਹੇ ਹਨ। ਪ੍ਰੋ. ਕਸੇਲ ਜੀ ਦੀ ਅੱਖਾਂ ਦੀ ਜੋਤ ਕੁਝ ਸਾਲ ਪਹਿਲਾਂ ਜਾਂਦੀ ਰਹੀ। ਇਸ ਅੰਧਕਾਰਮਈ ਸਮੇਂ ਵਿਚ ਜਿਸ ਦਿਵ-ਜੋਤ ਨੇ ਆਪ ਦੀ ਆਤਮਾ ਦੀ ਰਹਨੁਮਾਈ ਕੀਤੀ, ਉਹ ਹਨ—ਸਤਿਗੁਰੂ ਜਗਜੀਤ ਸਿੰਘ ਜੀ। ਆਪ ਜੀ ਨੇ ਪ੍ਰੋ. ਕਸੇਲ ਜੀ ਦੇ ਅੰਦਰ ਆਤਮਕ ਪ੍ਰਕਾਸ਼ ਦੀ ਜੋਤ ਜਗਾਈ ਅਤੇ ਕਸੇਲ ਸਾਹਿਬ ਮੁੜ ਸਾਹਿਤ ਰਚਨਾ ਵਿਚ ਜੁੜ ਗਏ। ਇਸ ਗੱਲ ਨੂੰ ਉਹ ਇਵੇਂ ਬਿਆਨ ਕਰਦੇ ਹਨ :

"ਡੋਲ ਗਿਆ ਸਾਂ ਗੁਰੂਦੇਵ, ਕੀਤਾ ਤੁਸੀਂ ਅਡੋਲ।
ਬਾਹਾਂ ਪਕੜ ਗੁਰ ਕੱਢਿਆ, ਬੋਲ ਨਾ ਸਕਾਂ ਬੋਲ।"

ਅੰਗਰੇਜ਼ੀ ਸਾਹਿਤ ਵਿਚ ਮਿਲਟਨ ਐਸਾ ਕਵੀ ਹੈ, ਜਿਸ ਦੇ ਨੈਣਾਂ ਦੀ ਜੋਤ ਚਲੀ ਗਈ, ਤਾਂ ਵੀ ਸੰਸਾਰ ਦੀ ਬਹੁਤ ਪ੍ਰਸਿਧ ਪੁਸਤਕਾਂ ਦੀ ਰਚਨਾ ਕੀਤੀ ਸੀ ਸ. ਕਸੇਲ 'ਪੰਜਾਬੀ ਸਾਹਿਤ ਦੇ ਮਿਲਟਨ' ਹਨ। ਆਪ ਨੇ ਪੰਜਾਬੀ ਦੇ ਰਹੱਸਵਾਦੀ ਕਵੀ ਪੂਰਨ ਸਿੰਘ ਦੀਆਂ ਕਿਰਤਾਂ ਤੇ ਬਹੁਤ ਖੋਜ-ਪੂਰਨ ਕੰਮ ਕਰਕੇ ਉਹਨਾਂ ਦੀਆਂ ਅੰਗਰੇਜ਼ੀ ਰਚਨਾਵਾਂ ਦਾ ਪੰਜਾਬੀ ਵਿਚ ਜੋ ਉਤਾਰਾ ਕੀਤਾ ਹੈ ਉਹ ਪੂਰਨ ਸਿੰਘ ਦੀ ਮੌਲਕ ਰਚਨਾਵਾਂ ਜਿਹੀ ਬੁਲੰਦੀ ਛੋਹੰਦਾ ਹੈ। ਪ੍ਰੋ. ਕਸੇਲ ਨੇ ਮਾਰਕਸਵਾਦ ਵੀ ਪੜ੍ਹਿਆ ਹੈ, ਪਰ ਉਹ ਅਧਿਆ-ਤਮਵਾਦ ਨਾਲ ਲਬੋਲਬ ਹਨ। ਉਹਨਾਂ ਦੀਆਂ ਲਿਖਤਾਂ ਅਤੇ ਬੋਲਾਂ ਵਿਚ ਗਹਿਰ ਗੰਭੀਰਤਾ ਵਿਚਾਰਾਂ ਦੀ ਡੂੰਘਾਈ ਅਤੇ ਪ੍ਰਪੱਕਤਾ ਹੈ। ਉਹ ਆਪਣੀ ਸੂਖਮ ਦ੍ਰਿਸ਼ਟੀ ਜਾਂ ਤੀਸਰੀ ਅੱਖ ਨਾਲ ਸਾਰੇ ਪਸਾਰੇ ਨੂੰ ਨਿਹਾਰਦੇ ਹਨ। ਇਸ ਵਾਸਤੇ ਔਖੇ ਬੌਧਿਕ ਮਸਲਿਆਂ ਨੂੰ ਸੌਖੇ ਅਤੇ ਵਿਵਹਾਰਕ ਸ਼ਬਦਾਂ ਵਿਚ ਬਿਆਨ ਕਰ ਜਾਂਦੇ ਹਨ। ਇਸ ਦਾ ਪ੍ਰਮਾਣ ਉਨ੍ਹਾਂ ਦੀ ਨਵੀਂ ਪੁਸਤਕ ਹੈ—"ਜੈਸਾ ਸਤਿਗੁਰ ਸੁਣੀਦਾ"। ਇਹ ਪ੍ਰਬੰਧ ਕਾਵਿ ਹੈ। ਇਹ ਕਵਿਤਾ ਦੀ ਪੁਸਤਕ ਭਾਵੇਂ ਉਹਨਾਂ ਆਪਣੇ ਇਸ਼ਟ-ਦੇਵ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਹਿਮਾ ਵਿਚ ਭਿੱਜ ਕੇ ਲਿਖੀ ਹੈ ਪਰ ਇਸ ਵਿਚ ਸਾਰਾ ਨਾਮਧਾਰੀ ਇਤਿਹਾਸ ਅਤੇ ਦਰਸ਼ਨ ਆ ਜਾਂਦੇ ਹਨ। ਪੁਸਤਕ ਦੇ ਮੁੱਖ ਪੰਨੇ ਦੀ ਤਸਵੀਰ ਵੀ ਸਤਿਗੁਰੂ ਦਰਸ਼ਨ ਕਰਾਉਂਦੀ ਹੈ। ਬਹੁਤ ਹੀ ਸਰਲ ਅਤੇ ਪਹਿਲੀ ਪੜ੍ਹਤ ਤੇ ਆਤਮਾ 'ਚ ਉਤਰਕੇ ਯਾਦ ਹੋ ਜਾਣ ਵਾਲੀ ਕਵਿਤਾ ਵਿਚ ਉਹਨਾਂ ਅਧਿਆਤਮ ਦੀਆਂ ਗੂਹੜ ਰਮਜ਼ਾਂ ਨੂੰ ਸ਼ਰਧਾ ਵਿਚ ਭਿੱਜ ਕੇ ਲਿਖਿਆ ਹੈ।

ਇਹ ਉਹਨਾਂ ਦਾ ਸੰਕਲਪ ਸੀ ਕਿ ਇਸ ਸਾਲ, ਭਾਵ ਹੋਲੇ ਤੱਕ, ਇਹ ਗਰੰਥ ਤਿਆਰ ਕਰ ਸਕਣ। ਬੀਤੇ ਹੋਲੇ-ਮਹੱਲੇ ਦੇ ਸਮਾਗਮ—ਪਿੰਡ ਅੰਮ੍ਰਿਤਸਰ ਜ਼ਿਲ੍ਹਾ ਸਿਰਸਾ—ਵਿਚ ਇਹ ਪੁਸਤਕ ਪ੍ਰਕਾਸ਼ਮਾਨ ਹੋ ਗਈ। ਪੁਸਤਕ ਦੇ ਕੁਲ ਪੰਨੇ ੧੩੧ ਹਨ। ੨੩×੩੬/੧੬ ਸਾਈਜ਼ ਵਿਚ ਛੱਪੀ ਹੈ। ਪ੍ਰਕਾਸ਼ਕ ਹਨ ਪੰਜਾਬੀ ਪਬਲੀਕੇਸ਼ਨ, ੪੧੨/੭, ਸੈਫ਼ਾਬਾਦੀ ਗੇਟ, ਪਟਿਆਲਾ, ਫ਼ੋਨ ੭੦੭੪੦। ਟਾਈਟਲ ਦੀ ਤਰਤੀਬ ਅਜਾਇਬ ਚਿੱਤਰਕਾਰ ਨੇ ਦਿਤੀ ਹੈ। ਲਿਖਤੀ ਮੁੱਲ ੮੦ ਰੁਪੈ ਹੈ। ਅਗਲੇ ਪੰਨਿਆਂ ਤੇ ਇਸ ਪੁਸਤਕ ਦੇ ਵੱਖ ਵੱਖ ਪੰਨਿਆਂ 'ਚੋਂ ਕੁਝ ਭਾਗ ਅਸੀਂ ਪਾਠਕਾਂ ਦੇ ਦ੍ਰਿਸ਼ਟੀ-ਗੋਚਰ ਕਰ ਰਹੇ ਹਾਂ।

**—ਜਗਦੀਸ਼ ਸਿੰਘ**

ਗੁਰਚਰਨਾਂ ਦਾ ਧਿਆਨ ਧਰ
ਕਰਦਾ ਮੈਂ ਅਰਦਾਸ।
ਬੁਧ ਵਿਵੇਕ ਨੂੰ ਬਖਸ਼ ਕੇ
ਕਰੋ ਕਲਾ ਪ੍ਰਗਾਸ।
ਨਿਰਗੁਣਹਾਰਾ ਮੈਂ ਹਾਂ
ਆਪ ਗੁਣਾਂ ਦੀ ਖਾਣ।
ਗੁਰ ਮਹਿਮਾ ਅਲੱਖ ਹੈ
ਜਾਇ ਨੇ ਸਕੇ ਬਖਾਨ।
ਮਿਹਰ ਕਰੋ ਗੁਰਦੇਵ ਜੀ
ਬਖਸ਼ੋ ਇਹ ਵਰਦਾਨ।
ਹੋਵੇ ਪੂਰਨ ਗਰੰਥ ਇਹ,
ਕਿਰਪਾ ਕਰੋ ਮਹਾਨ।



Sri Satguru Jagjit Singh Ji eLibrary NamdhariElibrary@gmail.com

ਅਠਾਰਾਂ ਸੌ ਸੋਲਾਂ ਦਾ
ਸੰਨ ਈਸਵੀ ਸਾਲ ।
ਵਿਚ ਅਰਾਈਆਂ ਪ੍ਰਗਟੇ
ਆਪ ਸ੍ਰੀ ਅਕਾਲ ।
ਬਾਲ ਸਮੇਂ ਤੋਂ ਹੀ
ਸਿਮਰਨ ਸ੍ਰੀ ਅਕਾਲ ।
ਨਾਮ ਬਾਣੀ ਵਿਚ ਲੀਨ ਰਹਿਣ
ਕਰਦੇ ਸੁੱਚੀ ਕਾਰ ।
ਸੁੰਦਰ ਸਡੌਲ ਸਰੀਰ ਸੀ,
ਅਤਿ ਸੁੰਦਰ ਸਰੂਪ ।
ਮਹਿਮਾ ਲਖੀ ਨਾ ਜਾਂਵਦੀ
ਐਸਾ ਪੁਰਖ ਅਨੂਪ ।
ਪਹੁੰਚੇ ਵਿਚ ਲਾਹੌਰ ਜਾ,
ਮਨ ਵਿਚ ਉੱਠੀ ਰੀਝ ।
ਭਰਤੀ ਹੋਏ ਫੌਜ ਵਿਚ
ਕਰਕੇ ਲੰਮੀ ਨੀਝ ।
ਭਗਤੀ ਕਰਦੇ ਦਿਵਸ ਰਾਤ
ਨਾਲ ਸਰਕਾਰੀ ਕਾਰ ।
ਦੋਵੇਂ ਫਰਜ਼ ਨਿਭਾਉਂਦੇ
ਕਰਤਾਰੀ ਤੇ ਸੰਸਾਰ ।
ਭਗਤਾਂ ਦੀ ਪਲਟਨ ਹੋਈ
ਸੈਨਾ ਵਿਚ ਮਸ਼ਹੂਰ ।
ਹੁਕਮ ਸਰਕਾਰੀ ਮਿਲ ਗਿਆ
ਪਸ਼ੌਰ ਨੂੰ ਕੀਤਾ ਕੂਚ ।
ਰਾਹ ਵਿਚ ਹਜ਼ਰੋ ਜਾਇ ਕੇ
ਉਠੀ ਦਰਸ਼ਨ ਸਿੱਕ ।
ਬਾਲਕ ਗੁਰੂ ਦੇ ਚਰਨ ਪਰਸ
ਮਨ ਗਿਆ ਸੀ ਟਿੱਕ ।

—......—

ਕੋਟਲੇ ਜੋ ਕੁਝ ਬੀਤਿਆ
ਸਾਕਾ ਹੈ ਪ੍ਰਸਿਧ ।
ਵਿਚ ਇਤਿਹਾਸ ਦੇ ਚਮਕਦਾ
ਜਿਉਂ ਹੀਰਾ ਅਨਵਿਧ ।
ਅਮਰ ਗਾਥਾ ਇਤਿਹਾਸ ਦੀ
ਤੋਪਾਂ ਗਰਜੀਆਂ ਆਣ ।
ਹੱਸ ਹੱਸ ਜਾਨਾਂ ਵਾਰੀਆਂ
ਬਿਸ਼ਨ ਸਿੰਘ ਵਰਿਆਮ ।
ਬੱਜਰ ਅਨਿਆਂ ਅੰਗਰੇਜ਼ ਦਾ
ਜਬਰ ਜ਼ੋਰ ਅਪਰਾਧ ।
ਤਾਜ ਮਲਕਾ ਦੇ ਲਗਿਆ
ਇਹ ਕਲੰਕ ਅਸਾਧ ।
ਪਰ ਸੁਤੰਤਰਤਾ ਸੰਗਰਾਮ ਦਾ
ਸ਼ਹੀਦੀ ਇਹ ਅਧਿਆਇ ।
ਮੌਲਿਆ ਵੱਡ ਬ੍ਰਿਛ ਹੋਏ
ਦਿਤੀ ਜੋਤ ਜਗਾਏ ।
ਬਣਦੀ ਹਾਰ ਵੀ ਜਿੱਤ ਇੰਝ
ਸਕੇ ਨਾ ਕੋਈ ਬੁਝਾਏ ।
ਜੁਗਾਂ ਤੀਰ ਬਲਦੀ ਰਹੇ
ਰਾਹ ਰੌਸ਼ਨ ਹੋ ਜਾਏ ।
ਨੰਨੀ ਪਨੀਰੀ ਜਾਣ ਕੇ
ਹੋਏ ਗੁਰ ਅੰਤਰ ਧਿਆਨ ।
ਕਿਵੇਂ ਸ਼ਹੀਦੀ ਪਾ ਗਏ
ਸਤਿਗੁਰ ਸ਼ਕਤ ਮਹਾਨ ।

ਚੜ੍ਹੀ ਫ਼ੌਜ ਅੰਗਰੇਜ਼ ਦੀ
ਭੈਣੀ ਉਤੇ ਧਾਏ ।
ਬਾਗ਼ੀਆਂ ਦੀ ਇਸ ਕਲਾ ਨੂੰ
ਦਈਏ ਜੜੋਂ ਮਿਟਾਏ ।
ਹੋਈ ਤਲਾਸ਼ੀ ਗੁਰਧਾਮ ਦੀ
ਨਹੀਂ ਸਨ ਬਹੁਤ ਹਥਿਆਰ ।
ਇਹ ਤਾਂ ਆਤਮ ਸੱਤਾ ਸੀ
ਜੋ ਵੰਡੀ ਦਾਤਾਰ ।
ਸ਼ਕਤੀ ਬਾਹੂ ਬਲ ਦੀ
ਰਹਿੰਦੀ ਨਾ ਇਕ ਸਾਰ ।
ਆਤਮ ਬਲ ਬਲਦਾ ਰਹੇ
ਸਦਾ ਦੀਪਕ ਦੇ ਹਾਰ ।

ਚੀਨੀ ਘੋੜੀ ਛੱਡ ਦਿਤੀ
ਗੱਡ ਤੇ ਹੋਏ ਅਸਵਾਰ ।
ਕਾਲੀ ਕੰਬਲੀ ਪਹਿਣ ਲਈ
ਸਤਿਗੁਰ ਦੀਨ ਦਿਆਲ ।


Sri Satguru Jagjit Singh Ji eLibrary NamdhariElibrary@gmail.com

ਸੂਬੇ ਤੇ ਕਈ ਹੋਰ ਸਿੰਘ
ਕੀਤੇ ਗੋਰਿਆਂ ਕੈਦ ।
ਕਦੋਂ ਮੁੜ ਇਥੇ ਪਰਤਣਾ
ਕੋਈ ਨਾ ਜਾਣੇ ਭੇਦ ?
ਲੰਮੀ ਨਦਰਿ ਨਿਹਾਰ ਕੇ
ਉਪਜਿਆ ਮਨ ਵੈਰਾਗ ।
''ਸਦਾ ਮੌਲਦਾ ਰਹੇਗਾ
ਇਹ ਜੋ ਸਿੱਖੀ ਬਾਗ ।
ਭਾਵੇਂ ਮੈਂ ਇਥੇ ਰਹਾ
ਜਾਂ ਜਾਵਾਂ ਪਰਦੇਸ ।
ਮਾਲੀ ਵਾਂਗ ਪਾਲਾਂਗਾ
ਇਹ ਜੋ ਮੇਰਾ ਖੇਤ ।''

ਬੁੱਧ ਸਿੰਘ ਵੈਰਾਗ ਵਿਚ
ਕੋਲ ਖੜ੍ਹਾ ਸੀ ਆਣ ।
ਰਾਮ ਵਿਜੋਗ ਵਿਚ ਖੜ੍ਹਾ ਸੀ
ਭਰਾਤਾ ਭਰਤ ਸਮਾਨ ।
ਹੱਥ ਜੋੜ ਸਿੰਘ ਬਿਨੈ ਕਰਨ
ਕੌਣ ਸਾਡਾ ਰਖਵਾਲ ?
''ਬੁੱਧ ਸਿੰਘ ਮੇਰਾ ਰੂਪ ਹੈ
ਕਰੇਗਾ ਇਹ ਸੰਭਾਲ ।
ਸਿੱਖੀ ਵਾਲੇ ਬਾਗ ਨੂੰ
ਹਿਰਦੇ ਨਾਲ ਸੰਭਾਲ ।
ਹਰੀ ਸਿੰਘ ਹਰਿਆ ਰੱਖੂ
ਸ਼ੱਕ ਨਾ ਕੋਈ ਰਵਾਲ ।
ਮਤ ਗੋਰਾ ਇਹ ਸਮਝ ਲਏ
ਇਹ ਉਜੜਿਆ ਬਾਗ ।
ਮੌਲੇਗਾ ਸਦਾ ਇਹ
ਇਹ ਮੇਰਾ ਪੰਜਾਬ ।''
ਛਮ ਛਮ ਰੋਏ ਨੈਣ ਸਨ
ਵਿਛੜਿਆ ਜਦ ਸੀ ਵੀਰ ।
ਧੀਰਜਵਾਨ ਗੁਰਦੇਵ ਨੇ
ਮਨ ਵਿਚ ਬੱਧੀ ਧੀਰ ।
ਓਟ ਲਈ ਅਕਾਲ ਦੀ
ਜੋਤ ਜਗੀ ਸੀ ਆਣ ।
ਹਰੀ ਸਿੰਘ ਗੁਰੂਦੇਵ ਨੂੰ
ਰਾਮ ਰੂਪ ਪਛਾਣ ।

—......—

ਅਠਾਰਾਂ ਸੌ ਨੱਬੇ ਸਾਲ ਸੀ
ਚੇਤ ਬਸੰਤ ਬਹਾਰ ।
ਮਾਤਾ ਜੀਵਨ ਕੌਰ ਘਰ
ਮੌਲ ਉਠੀ ਗੁਲਜ਼ਾਰ ।
ਕਣ ਕਣ ਖ਼ੁਸ਼ੀਆਂ ਵਰਤੀਆਂ
ਵਣ ਤ੍ਰਿਣ ਹੋਏ ਨਿਹਾਲ ।
ਪੰਛੀ ਗੀਤ ਅਲਾਪਦੇ
ਗੂੰਜ ਪਿਆ ਆਕਾਸ਼ ।
ਸਤਿਗੁਰੂ ਹਰੀ ਸਿੰਘ ਘਰ
ਪ੍ਰਗਟੇ ਗੁਰ ਪ੍ਰਤਾਪ ।
ਕਸ਼ਟ ਨਿਵਾਰਨ ਆ ਗਏ
ਮਿਟ ਗਏ ਸਭ ਸੰਤਾਪ ।
ਸੰਤ ਸਮੂਹ ਸਭ ਆਖਦੇ
ਆਇਆ ਬੰਦੀ ਛੋੜ ।
ਘਰ ਦਾ ਮਾਲਕ ਆ ਗਿਆ
ਜਿਸ ਦੀ ਸੀ ਵੱਡ ਲੋੜ ।
ਸੁੰਦਰ ਸੁਡੌਲ ਸਰੀਰ ਸੀ
ਚਾਲ ਢਾਲ ਕਮਾਲ ।
ਗੁਣ ਨਿਧਾਨ ਪੂਰਨ ਪੁਰਖ
ਅਦਭੁੱਤ ਬਾਲ ਕਮਾਲ ।
ਉਸੇ ਦਿਨ ਸਰਕਾਰ ਨੇ
ਦਿਤੀ ਸੀ ਕੁਝ ਛੋਟ ।
ਸਾਰੇ ਖੁਲ੍ਹ ਵਰਤ ਗਈ
ਰਾਮ ਨਾਮ ਦੀ ਓਟ ।

—......—

ਰਾਮ ਸਰੋਵਰ ਸਾਜਿਆ
ਹੋ ਕੇ ਅੰਤਰ ਧਿਆਨ ।
ਮਿਟਦੇ ਕਲ ਕਲੇਸ਼ ਸਭ
ਕਰਦਾ ਜੋ ਇਸ਼ਨਾਨ ।
ਸੰਤ ਖਾਲਸੇ ਬਾਗ਼ ਦੀ
ਕੀਤੀ ਗੁਰ ਸੰਭਾਲ ।
ਸਭ ਖ਼ਤਰਿਆਂ ਤੋਂ ਸਾਂਭਿਆ
ਜੋ ਗੁਰ ਬਖਸ਼ੀ ਕਾਰ ।



Sri Satguru Jagjit Singh Ji eLibrary NamdhariElibrary@gmail.com

ਪਰ ਪ੍ਰੀਤਮ ਦੇ ਵੈਰਾਗ ਵਿਚ
ਛਮ ਛਮ ਵਹਿੰਦੇ ਨੈਣ ।
ਵਿਚ ਦਰਦ ਫ਼ਿਰਾਕ ਦੇ
ਬੋਲਣ ਮਿੱਠੜੇ ਬੈਣ ।
ਯਾਦ ਵੀਰ ਨੂੰ ਕਰਦਿਆਂ
ਮਨ ਹੋਇਆ ਅਧੀਰ ।
ਪਰ ਸਦਾ ਅਡੋਲ ਰਹਿਣ
ਸ਼ਾਂਤ ਚਿੱਤ ਗੰਭੀਰ ।
ਜੇਠ ਵਦੀ ਦਸ ਸੀ
ਛੇ ਉੱਨੀ ਸੌ ਸਾਲ ।
ਜੋਤੀ ਜੋਤ ਸਮਾ ਗਏ
ਪਹੁੰਚੇ ਦੇਸ਼ ਅਕਾਲ ।
ਸੋਲਾਂ ਸਾਲ ਦੀ ਉਮਰ ਸੀ
ਜੋਬਨ ਰੁੱਤ ਅਨੂਪ ।
ਗੁਰ ਦੀ ਕਾਰ ਸੰਭਾਲ ਲਈ
ਮਹਾਂ ਭੂਪਾਂ ਦੇ ਭੂਪ ।
ਝੁੱਲਿਆ ਛਤਰ ਨਿਰੰਜਨੀ
ਸੂਰਜ ਦਾ ਪ੍ਰਕਾਸ਼ ।
ਅੱਟਲ ਪ੍ਰਤਾਪੀ ਸਤਿਗੁਰੂ
ਵੱਡਾ ਹੈ ਪ੍ਰਤਾਪ ।

* * *

ਨਮਸਕਾਰ ਗੁਰਦੇਵ ਨੂੰ
ਜਿਸ ਦਾ ਵੱਡ--ਪ੍ਰਤਾਪ ।
ਮਹਾਂ ਨੂਰਾਂ ਦਾ ਨੂਰ ਜੋ
ਸੂਰਜ ਦਾ ਪ੍ਰਕਾਸ਼ ।
ਚਰਨ ਕੰਵਲ ਨੂੰ ਪਰਸ ਕੇ
ਹੁੰਦੇ ਸਿਖ ਨਿਹਾਲ :
ਨਾਮ ਰੱਤੜੀਆਂ ਜਿੰਦੜੀਆਂ
ਸਿਮਰਨ ਸਦਾ ਅਕਾਲ ।
ਤਰਨ ਅਵਸਥਾ ਗੁਰਦੇਵ ਦੀ
ਫੁਰਤੀ ਵਿਚ ਸਰੀਰ ।
ਗਿਆਨ ਰਤਨ ਪ੍ਰਗਾਸਿਆ
ਅਡੋਲ ਸ਼ਾਂਤ ਗੰਭੀਰ ।
ਹਿਰਦਾ ਬਹੁਤ ਵਿਸ਼ਾਲ ਸੀ
ਸਭ ਨੂੰ ਕਰਨ ਪਿਆਰ ।
ਮਹਾਂ ਸਾਗਰ ਨੇ ਸਾਂਭਿਆ
ਰਤਨਾ ਦਾ ਭੰਡਾਰ ।
ਸਭ ਨੂੰ ਦਾਤਾਂ ਬਖਸ਼ਦੇ
ਵੰਡਣ ਨਿਤ ਉਪਕਾਰ ।
ਨਾਮ--ਦਾਨ ਸੁੱਚ ਸੋਧ ਨੂੰ
ਜੋ ਵੱਡ ਧਰਮੀ ਕਾਰ ।
ਉਜਲ ਬਸਤਰ ਸਭ ਦੇ
ਜਿਉਂ ਹੰਸਾਂ ਦੀ ਡਾਰ ।
ਮਾਨ ਸਰੋਵਰ ਆਇਕੇ
ਬੈਠੇ ਹੰਸ ਅਵਤਾਰ ।
ਚੰਦ ਜਿਵੇਂ ਹੈ ਸੋਹਿੰਦਾ
ਤਾਰਿਆਂ ਦੇ ਵਿਚਕਾਰ ।
ਤਿਵੇਂ ਸ਼ੋਭਾ ਦੇਂਵਦੇ
ਸੰਤ ਮੰਡਲ ਵਿਚਕਾਰ ।

—......—

ਵੱਡਾ ਸਮਾਗਮ ਰਚਾਇਆ
ਜੁੜਿਆ ਵੱਡ ਇਕੱਠ ।
ਗੁਰੂ ਨਾਨਕ ਦੇ ਨਾਮ-ਲੇਵਾ
ਆ ਰਲ ਬੈਠੇ ਸਭ ।
ਪੰਥ ਰਤਨ ਸਿਖ ਕੌਮ ਦੇ
ਸੋਹਣ ਵਿਚ ਦਰਬਾਰ ।
ਪ੍ਰੇਮ ਸੂਤਰ ਵਿਚ ਬੱਝ ਗਏ
ਕਰਦੇ ਸ਼ੁਭ ਵਿਚਾਰ ।
ਸਾਂਝਾ ਧਰਮ ਸਰੋਤ ਹੈ
ਸਾਂਝੇ ਹਨ ਗੁਰਦੇਵ ।
ਸਾਂਝਾ ਗੁਰੂ ਗਰੰਥ ਹੈ
ਫਿਰ ਕਾਹਦਾ ਮਤ-ਭੇਦ ।
ਨਿੱਕੇ ਹਿੱਤ ਤਿਆਗ ਕੇ
ਛਡੀਏ ਵੈਰ ਵਿਰੋਧ ।
'ਕੱਠੇ ਹੋ ਕੇ ਬੈਠੀਏ
ਭੁੱਲਾਂ ਲਈਏ ਸੋਧ ।
ਨਿੰਦਾ ਖੰਡਨ ਤਿਆਗੀਏ
ਮੰਡਨ ਵਲ ਧਿਆਨ ।
ਧਰਮ ਫੈਲੇ ਇਸ ਦਗਤ ਵਿਚ
ਹੋਵੇ ਸਰਬ ਕਲਿਆਨ ।



Sri Satguru Jagjit Singh Ji eLibrary NamdhariElibrary@gmail.com

ਬਾਗ਼ ਗੁਰੂ. ਸਿਖ ਪੰਥ ਦਾ
ਫੁੱਲ ਖਿੜਣ ਅਨੇਕ ।
ਵੰਡਣ ਗੁਰੂ ਦੀ ਮਹਿਕ ਨੂੰ
ਸਭ ਮਾਨਵ ਹਨ ਏਕ ।
ਦਇਆ ਸੰਤੋਖ ਦੇ ਆਸਰੇ
ਚਲੇ ਧਰਮ ਦਾ ਧੌਲ ।
ਸੇਵਾ ਤੇ ਉਪਕਾਰ ਦਾ
ਇਹ ਉਸਾਰ ਬੋਲੁ ।
ਦੀਨ ਦੁਖੀ ਦਾ ਆਸਰਾ
ਮਾੜੇ ਦੀ ਹੈ ਧੀਰ ।
ਦੁਸਟ ਸੋਧਨ ਲਈ ਖਾਲਸਾ
ਪਕੜ ਲਵੇ ਸ਼ਮਸ਼ੀਰ ।
ਸਤਿ ਸੰਤੋਖ ਵਿਚਾਰ ਦਾ
ਭਰਿਆ ਹੈ ਗੁਰ ਥਾਲ ।
ਰਤਨ ਅਮੋਲਕ ਨਾਮ ਦਾ
ਭੁੰਚੇ ਸਭ ਸੰਸਾਰ ।
ਰਾਓ ਰੰਕ ਬਰਾਬਰੀ
ਸਭ ਵਰਣਾਂ ਦੀ ਸਾਂਝ ।
ਹੋਏ ਹਲੀਮੀ ਰਾਜ ਤਕ
ਧਰਤ ਰਹੇ ਨਾ ਬਾਂਝ ।
ਅੰਨ ਧਨ ਉਦਯੋਗ ਤੇ
ਸਾਰੇ ਵਣਜ ਵਪਾਰ ।
ਸਭ ਖਲਕਤ ਦੇ ਭਲੇ ਲਈ
ਸੋਹੇ ਇਹ ਸੰਸਾਰ ।
ਮਿਟੇ ਕਲੇਸ਼ ਇਸ ਜੰਗ ਦਾ
ਜੋ ਕਰਦੀ ਧਰਤ ਕੁਰੂਪ ।
ਮਾਨਸ--ਖਾਣੀ ਡੈਣ ਇਹ
ਰਹਿਣ ਨਾ ਦੇਵੇ ਸਲੂਕ ।
ਝੂਲੇ ਝੰਡਾ ਅਮਨ ਦਾ
ਵਿਗਸੇ ਵਿਵੇਕ ਗਿਆਨ ।
ਇੰਝ ਭਵਿਖ ਵਿਚ ਧਰਮ ਦੀ,
ਕਰੀਏ ਸਭ ਪਛਾਣ ।
ਪੰਥ ਹਿਤਕਾਰੀ ਸਤਿਗੁਰੂ
ਸਦਾ ਇਹੋ ਹੀ ਚਾਹੁਣ ।
ਸਦਾ ਰਲ ਮਿਲ ਰਹਿਣ ਸਭ
ਗੁਰੂ ਬ੍ਰਿਖ ਦੇ ਟਾਹਣ ।

—.........—

ਪੂਰੇ ਪੰਜਾਹ ਤੇ ਤਿੰਨ ਸਾਲ
ਗੁਰੂਤਵ ਵਾਲੀ ਕਾਰ ।
ਖੂਬ ਨਿਭਾਈ ਗੁਰਾਂ ਨੇ
ਧਰਮ ਕਰਮ ਵਿਸਥਾਰ ।
ਅੱਟਲ ਪ੍ਰਤਾਪੀ ਪਰਮ ਪੁਰਖ
ਦੇਸ਼ ਭਗਤ ਮਹਾਨ ।
ਪਤਿਤ ਪਾਵਨ ਗੁਰ ਸੂਰਮਾ
ਲੋਚੇ ਸਰਬ ਕਲਿਆਣ ।
ਇਨਸਾਨਾਂ ਦਾ ਪਾਰਖੂ
ਮਾਨਵ ਸਿਰਜਣਹਾਰ ।
ਧਰਮ ਕਰਮ ਦ੍ਰਿੜ੍ਹਾਉਂਦਾ
ਰੱਖਿਅਕ ਵਿਚ ਸੰਸਾਰ ।
ਹਲਤ ਪਲਤ ਸੰਵਾਰਦਾ
ਭਿੰਨੀ ਮਹਿਕ ਗੁਲਾਬ ।
ਕੰਵਲ ਹਾਰ ਅਡੋਲ ਉਹ
ਸ਼ਾਂਤੀ ਸਹਿਜ ਅਵਤਾਰ ।
ਗੁਰ ਪ੍ਰਤਾਪ ਦੇ ਚਰਨਾਂ ਦਾ
ਜੋ ਕੋਈ ਧਰੇ ਧਿਆਨ ।
ਜਨਮ ਮਰਨ ਤੋਂ ਮੁਕਤ ਹੋਏ
ਪਾਵੇ ਆਦਰ ਮਾਣ ।
ਸੁਪਨੇ ਵਿਚ ਵੀ ਜੇ ਕਦੀ
ਹੋ ਜਾਵੇ ਦੀਦਾਰ ।
ਚਾਰ ਪਦਾਰਥ ਖਾ ਲਵੇ,
ਵੁੱਠੇ ਅੰਮ੍ਰਿਤ--ਧਾਰ ।
ਉਨੀਂ ਸੌ ਉਨਾਠ ਸੀ
ਬਾਈ ਅਗਸਤ ਦੀ ਰਾਤ ।
ਹੋਰ ਘਨੇਰੀ ਹੋ ਗਈ
ਇਸ ਦੀ ਗੂੜ੍ਹੀ ਛਾਪ ।
ਜੋਤੀ ਜੋਤ ਸਮਾਇ ਗਏ
ਗਏ ਪ੍ਰਲੋਕ ਸਿਧਾਰ ।
ਦੇਵ ਲੋਕ ਵਿਚ ਇਸ ਸਮੇਂ
ਹੋਈ ਜੈ ਜੈ ਕਾਰ ।
ਪਰ ਇਸ ਸੰਸਾਰ ਵਿਚ
ਛਾਇਆ ਸੀ ਅੰਧਕਾਰ ।
ਭੈਣੀ ਸਾਹਿਬ ਨੇ ਸਾਂਭਿਆ
ਇਹ ਵੀ ਗੁਰ ਇਤਿਹਾਸ ।



Sri Satguru Jagjit Singh Ji eLibrary NamdhariElibrary@gmail.com

ਮੁਕੀ ਰੈਣ ਦਿਨ ਚੜ੍ਹ ਪਿਆ
ਉਦੇ ਹੋਇਆ ਸੀ ਭਾਨ ।
ਗੁਰੂ ਜੋਤ ਜਗਜੀਤ ਸਿੰਘ
ਪ੍ਰਗਟ ਹੋਈ ਆਣ ।
ਗੁਰ ਪ੍ਰਤਾਪ ਦੀ ਮਹਿਮਾ ਅਨੰਤ
ਹੋ ਨਾ ਸਕੇ ਬਿਆਨ ।
ਜੋ ਗੁਰ ਚਾਨਣ ਬਖਸ਼ਿਆ
ਲਿਖ ਦਿਤਾ ਬਿਆਨ ।
ਭੁਲਣਹਾਰ ਮੈ ਸਦਾ ਹੀ
ਸਤਿਗੁਰ ਸਦ ਮਿਹਰਬਾਨ ।
ਟੁੱਟੇ ਫੁਟੇ ਕਾਵਿ ਨੂੰ
ਕਰ ਲੈਸਣ ਪ੍ਰਵਾਨ ।

—......—

ਸਤਿਗੁਰ ਦੀਨ ਦਿਆਲ ਜੀ
ਬਖਸ਼ੋ ਨਾਮ ਆਧਾਰ ।
ਚਰਨ ਕੰਵਲਾਂ ਦਾ ਆਸਰਾ
ਰੱਖਾਂ ਹਿਰਦੇ ਧਾਰ ।
ਸੁਆਸ-ਸੁਆਸ ਨਿਭਦੀ ਰਹੇ
ਚਰਨ ਕੰਵਲਾਂ ਦੀ ਪ੍ਰੀਤ ।
ਧੰਨ ਗੁਰੂ ਜਗਜੀਤ ਸਿੰਘ
ਪਤਿਤੋਂ ਕਰੇ ਪੁਨੀਤ ।
ਗੁਣਹੀਣ, ਨੇਤਰਹੀਣ
ਸਭ ਬੰਨਿਓਂ ਅਸਮਰਥ ।
ਦਾਤਾਂ ਸਤਿਗੁਰ ਬਖਸ਼ੀਆਂ
ਕਰ ਦਿਤਾ ਸਮਰਥ ।
ਮਿਹਰ ਤੇਰੀ ਸਦ ਲੋਚਦਾ
ਅੰਧਕਾਰ ਵਿਚ ਦੀਪ ।
ਊਣ ਕੋਈ ਨਾ ਰਹਿ ਸਕੇ
ਜਦ ਸਤਿਗੁਰ ਹੋਵੇ ਮੀਤ ।
ਨਾਮ ਗੁਰਾਂ ਨੇ ਬਖਸ਼ਿਆ
ਕਰਕੇ ਵੱਡ ਉਪਕਾਰ ।
ਚਰਨ ਕੰਵਲਾਂ ਤੋਂ ਵਾਰਨੇ
ਜਾਵਾਂ ਸੌ ਸੌ ਵਾਰ ।

—......—

ਧੰਨ ਧੰਨ ਗੁਰੂ ਜਗਜੀਤ ਸਿੰਘ
ਧੰਨ ਉਸ ਦਾ ਦਰਬਾਰ ।
ਬੰਦਾ ਭੁੱਲਣਹਾਰ ਹੈ
ਅਭੁੱਲ ਗੁਰੂ ਕਰਤਾਰ ।
ਨਮਸਕਾਰ ਗੁਰੂਦੇਵ ਨੂੰ
ਜਿਸ ਸਿਰ ਧਰਿਆ ਹੱਥ ।
ਧੰਨ ਧੰਨ ਗੁਰੂ ਜਗਜੀਤ ਹੈ
ਸਰਬ ਕਲਾ ਸਮਰੱਥ ।
ਚਰਨ ਕੰਵਲਾਂ ਦਾ ਆਸਰਾ
ਲੋਚਾਂ ਗੁਰੂ—ਪ੍ਰੀਤ ।
ਨਿਭਦੀ ਰਹੇ ਉਮਰ ਭਰ
ਅੰਤਮ ਸੁਆਸਾਂ ਤੀਕ ।
ਜੋਤ ਗੁਰੂ ਜਗਦੀ ਰਹੇ
ਚਾਨਣ ਹੋਵੇ ਚੌਫੇਰ ।
ਜਗ ਤੋਂ ਅੰਧਕਾਰ ਦਾ
ਮਿਟੇ ਅਗਿਆਨ ਅੰਧੇਰ ।
ਜਗਤ—ਜਲੰਦਾ ਰੱਖ ਲਓ
ਆਪਣੀ ਕਿਰਪਾ ਧਾਰ ।
ਮਾਨਵਤਾ ਦਾ ਪ੍ਰੇਮ ਵਧੇ
ਸ਼ਾਂਤੀ ਵਿਚ ਸੰਸਾਰ ।
ਸਭ ਮਾਨਵ ਇਸ ਜਗਤ ਵਿਚ
ਵਸਣ ਨਾਲ ਪਿਆਰ ।
ਜੰਗ, ਯੁਧ, ਭੈਅ ਮਿਟ ਜਾਏ
ਖੁਸ਼ੀ ਵਸੇ ਸੰਸਾਰ ।
ਅੰਨ, ਧਨ ਤੇ ਪ੍ਰੇਮ ਦੀ
ਕੋਹੀ ਰਹੇ ਨਾ ਤੋਟ ।
ਦਇਆ, ਖਿਮਾਂ, ਸ਼ਾਂਤੀ
ਪ੍ਰਮੇਸ਼ਰ ਦੀ ਓਟ ।
ਗੁਰ ਕੇਂਦਰ ਤੋਂ ਆਪ ਦੇ
ਨਿਤ ਫੈਲੇ ਪ੍ਰਕਾਸ਼ ।
ਮਿਲੇ ਸੁਖ, ਸਹਿਜ ਸ਼ਾਂਤੀ
ਮਾਨਵਤਾ ਦੀ ਆਸ ।
ਦਾਸ ਤੇਰੇ ਨੂੰ ਸਦਾ ਹੀ
ਗੁਰ ਚਰਨਾਂ ਦੀ ਓਟ ।
ਨਿੱਤ ਬਖਸ਼ਿਸ਼ ਹੁੰਦੀ ਰਹੇ
ਕਦੀ ਨਾ ਆਵੇ ਤੋਟ ।
ਗੁਰ--ਚਰਨਾਂ ਜਗਜੀਤ ਦੇ
ਹੈ ਮੇਰੀ ਨਮਸਕਾਰ ।
ਪਰਸਾਂ ਪਰਸ ਚਰਨ ਇਹ
ਜਾਵਾਂ ਸਦ ਬਲਿਹਾਰ ।

(ਠਠ)



Sri Satguru Jagjit Singh Ji eLibrary NamdhariElibrary@gmail.com

# ਮਲਿਕ ਨਾਲ ਮਜ਼ੇਦਾਰ ਮੁਲਾਕਾਤ

—ਅਜੀਤ ਕੁਮਾਰ

'ਮੇਰੀ ਅਧੂਰੀ ਪਾਕਿਸਤਾਨ ਯਾਤਰਾ' ਜਿਵੇਂ ਨਾਂਅ ਤੋਂ ਹੀ ਪਤਾ ਲਗ ਜਾਂਦਾ ਹੈ ਪਾਕਿਸਤਾਨ ਦੀ ਯਾਤਰਾ ਹੈ। ਪ੍ਰਸਿਧ ਪੱਤਰਕਾਰ ਸ੍ਰੀ ਅਜੀਤ ਕੁਮਾਰ ਨੇ ਰੋਜ਼ਾਨਾ 'ਅਜੀਤ' ਅਖਬਾਰ ਦੀ ਨੌਕਰੀ ਸਮੇਂ ਪਾਕਿਸਤਾਨ ਦੀ ਯਾਤਰਾ ਕੀਤੀ ਅਤੇ ਉਸ ਸੰਬੰਧੀ ਪਹਿਲਾਂ ਅਜੀਤ ਅਖਬਾਰ ਵਿਚ ਲੜੀਵਾਰ ਲੇਖ ਲਿਖੇ ਅਤੇ ਹੁਣ ਪੁਸਤਕ ਰੂਪ ਵਿਚ ਇਹ ਸਾਰੀ ਯਾਤਰਾ ਮੋਹਰਬੰਦ ਕਰ ਦਿਤੀ ਹੈ। ਭਾਸ਼ਾ ਵਿਭਾਗ ਪੰਜਾਬ ਦੇ ਸਹਿਯੋਗ ਨਾਲ ਛਪੀ ਇਸ ਪੁਸਤਕ ਦੇ ਪ੍ਰਕਾਸ਼ਕ ਹਨ—ਲੇਖਕ ਪਰਿਸ਼ਦ, ਸਦੇਸ਼ ਕੁਟੀਰ, ਨਵੀਂ ਆਬਾਦੀ ਅਬੋਹਰ। ਟਾਈਟਲ ਸੁਖਵੰਤ ਦਾ ਹੈ। ੧੦੪ ਪੰਨਿਆਂ ਦੀ ਪੁਸਤਕ ਹੈ। ਜਿਲਦ ਪੱਕੀ ਹੈ ਅਤੇ ਮੁੱਲ ੬੦/-ਰੁਪਏ ਲਿਖਿਆ ਹੈ। ਇਸ ਪੁਸਤਕ ਸੰਬੰਧੀ ਇਸੇ ਅੰਕ ਵਿਚ ਡਾ. ਵਰਿਆਮ ਸਿੰਘ ਸੰਧੂ ਹੋਰਾਂ ਦਾ ਆਪਣੇ ਅੰਦਾਜ਼ ਵਿਚ ਲਿਖਿਆ ਲੇਖ ਹੈ। ਇਹ ਲੇਖ ਜੋ ਹੁਣ ਪਾਠਕ ਪੜ੍ਹਨਗੇ ਇਸ ਪੁਸਤਕ ਵਿਚੋਂ ਹੀ ਲਿਆ ਗਿਆ ਹੈ। ਲੇਖਕ ਦਾ ਪਤਾ ਹੈ—ਅਜੀਤ ਕੁਮਾਰ, ੧/੬ ਸੈਂਟਰਲ ਟਾਊਨ, ਜਲੰਧਰ।

—ਸੰਪਾਦਕ 'ਵਰਿਆਮ'

ਨਨਕਾਣਾ ਸਾਹਿਬ ਦੇ ਕਵੀ ਦਰਬਾਰ ਵਿਚ ਜਿਹੜੇ ਪਾਕਿਸਤਾਨੀ ਪੰਜਾਬੀ ਕਵੀ ਸ਼ਾਮਲ ਹੋਏ ਸਨ, ਉਨ੍ਹਾਂ ਵਿਚ ਲਾਹੌਰ ਦਾ ਨੌਜਵਾਨ ਇਕਬਾਲ ਕੈਸਰ ਵੀ ਸੀ। ਉਸਦੀ ਕਵਿਤਾ ਦਾ ਮੇਰੇ ਤੇ ਕੋਈ ਪ੍ਰਭਾਵ ਨਹੀਂ ਸੀ ਹੋਇਆ, ਪਰ ਦੂਸਰੇ ਦਿਨ ਉਸ ਤੋਂ ਬੇਹਦ ਪ੍ਰਭਾਵਿਤ ਹੋਇਆ ਜਦ ਸ਼ਾਮ ਜਿਹੇ ਗੁਰਦੁਆਰੇ ਤੋਂ ਬਾਹਰ ਆਉਣ ਤੇ ਉਹ ਮੈਨੂੰ ਮਿਲਿਆ ਸੀ ਤੇ ਦਸਿਆ ਕਿ ਉਹ ਕਈ ਘੰਟਿਆਂ ਤੋਂ ਏਥੇ ਖੜ੍ਹਾ ਹੈ ਤਾਕਿ ਮੈਂ ਬਾਹਰ ਆਵਾਂ ਤੇ ਮੁਲਾਕਾਤ ਹੋ ਸਕੇ ਅਤੇ ਲਾਹੌਰ ਠਹਿਰਨ ਸਮੇਂ ਦਾ ਪ੍ਰੋਗਰਾਮ ਤੈਅ ਕੀਤਾ ਜਾ ਸਕੇ। (ਗੁਰਦੁਆਰੇ ਅੰਦਰ ਜਾਣ ਜਾਂ ਮੈਨੂੰ ਬਾਹਰ ਬੁਲਾ ਲੈਣ ਦੀ ਰਾਹ ਵਿਚ ਸ਼ਾਇਦ ਸੀ.ਆਈ.ਡੀ. ਦੀ ਦਹਿਸ਼ਤ ਰੋਕ ਬਣੀ ਹੋਵੇਗੀ) ਇਕਬਾਲ ਕੈਸਰ ਪਾਕਿਸਤਾਨ ਦੇ ਬੰਦ ਹੋ ਚੁਕੇ ਉਰਦੂ ਅੱਖਰਾਂ ਵਿਚ ਛਪਣ ਵਾਲੇ ਪਹਿਲੇ ਪੰਜਾਬੀ 'ਰੋਜ਼ਾਨਾ ਸੱਜਣ' ਨਾਲ ਸੰਬੰਧਿਤ ਰਿਹਾ ਹੈ ਅਤੇ ਅਜ ਕਲ੍ਹ ਲਾਹੌਰ ਤੋਂ ਛਪਦੇ ਪੰਜਾਬੀ ਮਾਸਿਕ 'ਰਵੇਲ' ਨਾਲ ਸੰਬੰਧਿਤ ਹੈ। ਉਸ ਮੈਨੂੰ ਪੁਛਿਆ ਸੀ ਕਿ ਮੈਂ ਲਾਹੌਰ 'ਚ ਕਿਹੜੇ ਇਤਿਹਾਸਕ ਸਥਾਨ ਦੇਖਣਾ ਚਾਹਾਂਗਾ? ਮੈਂ ਦਸਿਆ ਸੀ ਕਿ ਇਤਿਹਾਸਕ ਸਥਾਨ ਦੇਖਣ ਦੀ ਥਾਂ ਮੈਂ ਓਥੋਂ ਦੇ ਪੱਤਰਕਾਰਾਂ, ਪੰਜਾਬੀ ਲੇਖਕਾਂ, ਕਵੀਆਂ ਅਤੇ ਪੰਜਾਬੀ ਪਿਆਰਿਆਂ ਦੇ ਦਰਸ਼ਨਾਂ ਨੂੰ ਪਹਿਲ ਦਿਆਂਗਾ। ਮੈਂ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਭਾਸ਼ਾ ਦੀ ਪ੍ਰਗਤੀ ਅਤੇ ਇਸ ਨੂੰ ਇਸ ਦਾ ਉਚਿਤ ਸਥਾਨ ਦਿਵਾਉਣ ਲਈ ਚਲ ਰਹੀ ਲਹਿਰ ਬਾਰੇ ਜਾਣਨ ਲਈ ਕਾਹਲਾ ਸਾਂ।

ਸੋ, ਤੈਅ ਹੋਏ ਪ੍ਰੋਗਰਾਮ ਅਨੁਸਾਰ ਇਕਬਾਲ ਕੈਸਰ ਅਗਲੇ ਦਿਨ ਸਵੇਰੇ ੧੦ ਵਜੇ ਮੀਨਾਰ-ਏ-ਪਾਕਿਸਤਾਨ ਦੇ ਮੁੱਖ ਦਰਵਾਜ਼ੇ ਤੇ ਆਪਣੀ ਮੁਸਕਰਾਹਟ ਸਮੇਤ ਮੌਜੂਦ ਸੀ। ਇਹ ਦੱਸੇ ਬਿਨਾਂ ਕਿ ਅਸੀਂ ਕਿਥੇ ਜਾਣਾ ਹੈ, ਉਹ ਮੈਨੂੰ ਇਕ ਰਿਕਸ਼ਾ (ਤਿਪਹੀਆ ਸਕੂਟਰ) ਤੇ ਲੈ ਤੁਰਿਆ। ੧੦ ਕੁ ਮਿੰਟਾਂ ਮਗਰੋਂ ਹੀ ਅਸੀਂ ਲਾਲ ਰੰਗ ਦੀ ਇਕ ਪ੍ਰਾਚੀਨ ਇਮਾਰਤ ਅੱਗੇ ਖੜੇ ਸਾਂ। ਇਹ ਪੰਜਾਬੀ ਯੂਨੀਵਰਸਿਟੀ ਲਾਹੌਰ ਸੀ। ਸੋ, ਇਕਬਾਲ ਕੈਸਰ ਮੈਨੂੰ ਇਸ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪਿਛਲੇ ੧੫ ਸਾਲ ਤੋਂ ਚਲੇ ਆ ਰਹੇ ਮੁਖੀ ਅਤੇ ਪਾਕਿਸਤਾਨ ਦੇ ਪ੍ਰਮੁਖ, ਪਰ ਵਿਵਾਦਗ੍ਰਸਤ ਪੰਜਾਬੀ ਲੇਖਕ ਜਨਾਬ ਸ਼ਹਿਬਾਜ਼ ਮਲਿਕ ਨੂੰ ਮਿਲਾਉਣ ਲਈ ਲੈ ਆਏ ਸਨ।

ਦੋ ਕੁ ਮਿੰਟਾਂ ਬਾਅਦ ਹੀ ਅਸੀਂ ਸ਼ਹਿਬਾਜ਼ ਮਲਿਕ ਸਾਹਿਬ ਦੇ ਕਮਰੇ ਵਿਚ ਸਾਂ। ਸਫਾਚੱਟ ਚਿਹਰਾ, ਸ਼ਾਹ ਕਾਲੇ ਕੀਤੇ ਵਾਲ, ੫੦ ਸਾਲ ਪਾਰ ਕਰ ਚੁਕੇ, ਇਕ ਵਡੇ ਮੇਜ਼ ਦੇ ਪਿਛੇ ਕੁਰਸੀ ਤੇ ਬਿਰਾਜਮਾਨ ਸੱਜਣ ਸ਼ਹਿਬਾਜ਼ ਮਲਿਕ ਸਨ। ਪਹਿਲੀ ਨਜ਼ਰੇ ਮੈਨੂੰ ਉਹ ਅਜਿਹੇ ਵਿਅਕਤੀ ਜਾਪੇ, ਮੁਸਕਰਾਹਟ ਜਿਨ੍ਹਾਂ ਦੇ ਚਿਹਰਿਆਂ ਤੇ ਕਦੀ ਭੁਲ-ਭੁਲੇਖੇ ਹੀ ਆਉਂਦੀ ਹੈ—ਪੰਜਾਬੀ ਦੀਆਂ ੨੮ ਪੁਸਤਕਾਂ ਦੇ ਕਰਤਾ ਹਨ। ਪੁਸਤਕਾਂ ਵੀ ਕੋਈ ਕਵਿਤਾ ਕਹਾਣੀ ਨਹੀਂ, ਸਗੋਂ ਗੰਭੀਰ ਤੋਂ ਗੰਭੀਰ ਵਿਸ਼ਿਆਂ ਦੀਆਂ। ਅਜਿਹਾ ਵਿਅਕਤੀ ਗੰਭੀਰ ਨਾ ਹੋਵੇ ਤਾਂ ਕੀ ਹੋਵੇ? ਮੁਸਕਰਾਵੇ ਤਾਂ ਕਿਵੇਂ? ਅਜਿਹੇ ਵਿਅਕਤੀ ਦੀ ਸਥਿਤੀ ਤਾਂ ਉਸ ਢਿੱਲੀ-ਮੱਠੀ ਜਿਹੀ ਹੁਸੀਨਾ ਵਰਗੀ ਹੁੰਦੀ ਹੈ, ਜਿਸ ਬਾਰੇ ਕਿਸੇ ਉਰਦੂ ਸ਼ਾਇਰ ਦਾ ਕਥਨ ਹੈ ਕਿ

ਸਾਨੇ ਪੇ ਜ਼ੁਲਫ਼, ਜ਼ੁਲਫ਼ ਮੇਂ ਦਿਲ ਔਰ ਦਿਲ ਮੇਂ ਹਸਰਤੇਂ,
ਇਤਨਾ ਤੋ ਬੋਝ ਸਰ ਪੇ ਨਜ਼ਾਕਤ ਕਹਾਂ ਰਹੀ।

ਇੰਟਰੋਡਕਸ਼ਨ ਤੋਂ ਤੁਰੰਤ ਬਾਅਦ ਮਲਿਕ ਸਾਹਿਬ



Sri Satguru Jagjit Singh Ji eLibrary NamdhariElibrary@gmail.com

ਨੇ ਸੁਆਲ ਦਾਗਿਆ :

"ਤੁਹਾਡਾ ਨਾਂਅ ਅਜੀਤ ਕੁਮਾਰ ਕਿਉਂ ਹੈ ?"

ਕੀ ਜਵਾਬ ਦਿੰਦਾ !

"ਕੀ ਤੁਸੀਂ ਹਿੰਦੂ ਹੋ ?"

"ਨਹੀਂ, ਮੈਂ ਹਿੰਦੂ ਸਿੱਖ ਨਹੀਂ, ਇਨਸਾਨ ਹਾਂ।" ਮੇਰਾ ਜਵਾਬ ਸੀ।

"ਇਸ ਦਾ ਮਤਲਬ ਹੈ, ਤੁਸੀਂ ਨਾਸਤਕ ਹੋ, ਕਿਸੇ ਧਰਮ ਨੂੰ ਨਹੀਂ ਮੰਨਦੇ ?"

"ਮੈਂ ਮਜ਼ਹਬ ਨੂੰ ਨਹੀਂ ਮੰਨਦਾ......ਪਰ ਏਨਾ ਨਾਸਤਕ ਵੀ ਨਹੀਂ।"

ਮੇਰਾ ਜਵਾਬ ਸੁਣਕੇ ਮਲਿਕ ਸਾਹਿਬ ਕਹਿੰਦੇ ਗਏ— "ਸਾਡੇ ਤਾਂ ਜੋ ਧਰਮ ਨੂੰ ਨਹੀਂ ਮੰਨਦਾ, ਉਸ ਨੂੰ ਅਸੀਂ ਨਾਸਤਕ ਮੰਨਦੇ ਹਾਂ। ਅਜਿਹੇ ਬੰਦੇ ਨੂੰ ਤਾਂ ਅਸੀਂ ਬੰਦਾ ਹੀ ਨਹੀਂ ਮੰਨਦੇ।"

ਫੇਰ ਪਤਾ ਨਹੀਂ ਉਨ੍ਹਾਂ ਨੂੰ ਕੀ ਖਿਆਲ ਆਇਆ। ਕਹਿਣ ਲੱਗੇ, "ਅਸੀਂ ਸੈਕੂਲਰ ਹਾਂ। ਹਿੰਦੁਸਤਾਨੀ ਸੈਕੂਲਰ ਨਹੀਂ, ਜਨੂੰਨੀ ਨੇ।"

ਮਲਿਕ ਸਾਹਿਬ ਕਈ ਮਿੰਟ ਤਕ ਇਸ ਤਰ੍ਹਾਂ ਦੀਆਂ ਗੱਲਾਂ ਆਖਦੇ ਰਹੇ। ਮੈਂ ਹੈਰਾਨ-ਪ੍ਰੇਸ਼ਾਨ ਸਾਂ, ਚੁੱਪ ਸਾਂ। ਹਾਲਤ ਕੁਛ ਇਸ ਤਰ੍ਹਾਂ ਦੀ ਸੀ ਕਿ

ਉਨਕੀ ਜ਼ੁਬਾਨ ਚਲਤੀ ਹੈ ਤਲਵਾਰ ਕੀ ਤਰਹ।
ਔਰ ਹਮ ਅਦਬ ਸੇ ਚੁਪ ਹੈਂ ਗੁਨਹਗਾਰ ਕੀ ਤਰਹ।

ਮੈਨੂੰ ਯਾਦ ਆਇਆ—ਜਲੰਧਰ ਤੋਂ ਰਵਾਨਗੀ ਸਮੇਂ ਐਡੀਟਰ 'ਅਜੀਤ' ਨੇ ਕਿਵੇਂ ਕਲਪਨਾਸ਼ੀਲ ਜਿਹੇ ਹੁੰਦਿਆਂ ਕਿਹਾ ਸੀ, "ਮਲਿਕ ਸਾਹਿਬ ਤੁਹਾਡੀ ਬਹੁਤ ਆਓ-ਭਗਤ ਕਰਣਗੇ। ਤੁਹਾਡਾ ਸਨਮਾਨ ਕਰਨਗੇ, ਕਾਰਾਂ 'ਚ ਘੁਮਾਉਣਗੇ, ਪਰ ਏਥੇ ਹਾਲਤ—ਸੋਚਾ ਥਾ ਕਿਆ, ਕਿਆ ਹੋ ਗਿਆ—ਵਾਲੀ ਹੋਈ ਪਈ ਸੀ। ਚੰਗੀ ਆਓ-ਭਗਤ ਹੋ ਰਹੀ ਸੀ। ਵੈਸੇ ਮੈਨੂੰ ਲਾਹੌਰ ਪਹੁੰਚਣ ਤੇ ਦਸਿਆ ਗਿਆ ਸੀ ਕਿ ਮਲਿਕ ਸਾਹਿਬ ਪਾਕਿਸਤਾਨ ਦੀ ਕੱਟੜ ਜਥੇਬੰਦੀ 'ਜਮਾਇਤ-ਏ-ਇਸਲਾਮੀ' ਨਾਲ ਸਬੰਧਤ ਹਨ। ਇਹ ਵੀ ਦਸਿਆ ਗਿਆ ਸੀ ਕਿ ਉਨ੍ਹਾਂ ਨੇ ਪੜ੍ਹਾਈ ਦੇ ਕੋਰਸਾਂ ਵਿਚੋਂ ਚੱਠਿਆਂ ਦੀ ਵਾਰ ਅਤੇ ਗੁਰੂ ਨਾਨਕ ਦੇਵ ਸੰਬੰਧੀ ਸਮੱਗਰੀ ਕਢਵਾ ਦਿਤੀ ਹੈ।

ਮਲਿਕ ਸਾਹਿਬ ਦੀਆਂ ਗੱਲਾਂ ਦਾ ਜਵਾਬ ਤਾਂ ਦਿਤਾ ਜਾ ਸਕਦਾ ਸੀ ਅਤੇ ਇਕ ਦੋ ਵਾਰ ਮੈਂ ਧੀਰਜ ਖੋ ਦੇਣ ਦੀ ਹਦ ਤਕ ਪਹੁੰਚਿਆ ਵੀ ਪਰ ਕਿਸੇ ਵਿਵਾਦ 'ਚ ਨਾ ਪੈਣ ਦਾ ਇਰਾਦਾ ਕਰਕੇ ਆਇਆ ਸਾਂ, ਇਸ ਲਈ ਕਿਹਾ "ਮਲਿਕ ਸਾਹਿਬ ਤੁਸੀਂ ਜੋ ਕੁਛ ਕਹਿ ਰਹੇ ਹੋ, ਇਹ ਵਿਦਵਾਨਾਂ ਦੇ ਸਮਝਣ ਦੀਆਂ ਗੱਲਾਂ ਹਨ। ਮੈਂ ਇਕ ਸਧਾਰਣ ਪੱਤਰਕਾਰ ਹਾਂ। ਮੇਰਾ ਮਕਸਦ ਤਾਂ ਤੁਹਾਡੇ ਜਿਹੇ ਵਿਦਵਾਨਾਂ ਦੇ ਦਰਸ਼ਨ ਕਰਨਾ ਅਤੇ ਤੁਹਾਡੀ ਅਗਵਾਈ ਵਿਚ ਲਾਹੌਰ ਯੂਨੀਵਰਸਿਟੀ ਵਿਚ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਹੋ ਰਹੇ ਕੰਮਾਂ ਦੀ ਜਾਣਕਾਰੀ ਪ੍ਰਾਪਤ ਕਰਨਾ ਹੈ।

ਕਹਿੰਦੇ ਨੇ—ਖੁਸ਼ਾਮਦ ਪੱਥਰ ਪਾੜ ਸਕਦੀ ਹੈ ਅਤੇ ਆਪਣੀ ਪ੍ਰਸੰਸਾ ਸੁਣ ਕੇ ਕੌਣ ਹੈ, ਜੋ ਖੁਸ਼ ਨਹੀਂ ਹੁੰਦਾ। ਮੇਰਾ ਇਹ ਹਥਿਆਰ ਕੰਮ ਕਰ ਗਿਆ ਅਤੇ ਮਲਿਕ ਸਾਹਿਬ ਸਹਿਜ ਅਵਸਥਾ ਵਿਚ ਆ ਕੇ ਦੱਸਣ ਲਗੇ ਕਿ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਕੀ ਕੀ ਕੀਤਾ ਜਾ ਰਿਹਾ ਹੈ।

ਉਨ੍ਹਾਂ ਦਸਿਆ ਕਿ "ਏਧਰਲੇ ਪੰਜਾਬ ਵਿਚ ਪੰਜਾਬੀ 'ਚ ਸਾਹਿਤ ਰਚਨਾ ਅਤੇ ਕਵਿਤਾ ਆਦਿ ਠੀਕ ਠਾਕ ਚਲ ਰਹੀ ਹੈ ਅਤੇ ਹਰ ਸਾਲ ਉਰਦੂ ਅਖਰਾਂ ਵਿਚ ਪੰਜਾਬੀ ਦੀਆਂ ੮੦ ਤੋਂ ਲੈ ਕੇ ੧੦੦ ਤਕ ਕਿਤਾਬਾਂ ਛਪਦੀਆਂ ਹਨ।"

ਉਨ੍ਹਾਂ ਹੋਰ ਦਸਿਆ ਕਿ ਪੱਛਮੀ ਪੰਜਾਬ ਦੀ ਅਬਾਦੀ ੫—੬ ਕਰੋੜ ਹੈ ਅਤੇ ਵਧੇਰੇ ਲੋਕ ਪੰਜਾਬੀ ਬੋਲਦੇ ਨੇ। ਸਕੂਲਾਂ ਵਿਚ ੬ਵੀਂ ਤੋਂ ੧੦ਵੀਂ ਤਕ ਪੰਜਾਬੀ ਦੀ ਪੜ੍ਹਾਈ ਆਪਸ਼ਨਲ ਹੈ। ਸਰਕਾਰ ਵਲੋਂ ਪੰਜਾਬੀ ਅਧਿਆਪਕ 'ਪ੍ਰੋਵਾਈਡ' ਨਹੀਂ ਕੀਤੇ ਜਾਂਦੇ। ਮੈਟ੍ਰਿਕ ਮਗਰੋਂ ਪੰਜਾਬੀ ਇਲੈਕਟਿਵ ਮਜ਼ਮੂਨ ਵਜੋਂ ਪੜ੍ਹਾਈ ਜਾਂਦੀ ਹੈ ਅਤੇ ਸਰਕਾਰ ਟੀਚਰ ਪ੍ਰੋਵਾਈਡ ਕਰਦੀ ਹੈ। ਉਨ੍ਹਾਂ ਦਸਿਆ ਕਿ ਪੰਜਾਬ ਦੇ ੩੦੦ ਕਾਲਿਜਾਂ ਵਿਚੋਂ ਸਵਾ ਸੌ ਕਾਲਿਜਾਂ ਵਿਚ ਪੰਜਾਬੀ ਪੜ੍ਹਾਈ ਜਾ ਰਹੀ ਹੈ। ਵਡੀ ਗਿਣਤੀ ਵਿਚ ਵਿਦਿਆਰਥੀ ਪੰਜਾਬੀ ਪੜ੍ਹ ਰਹੇ ਹਨ ਪਰ ਅਧਿਆਪਕਾਂ ਦੀ ਘਾਟ ਹੈ। ਪੀ. ਸੀ. ਐਸ. ਆਦਿ ਲਈ ੧੦੦ ਤੋਂ ੧੫੦ ਅੰਕਾਂ ਦੇ ਪੰਜਾਬੀ ਪਰਚੇ ਲਏ ਜਾਂਦੇ ਹਨ।

ਮਲਿਕ ਸਾਹਿਬ ਬੋਲਦੇ ਗਏ ਜਿਵੇਂ ਕਲਾਸ 'ਚ ਲੈਕਚਰ ਦੇ ਰਹੇ ਹੋਣ, "ਹੁਣ ਤਕ ੧੪ ਵਿਅਕਤੀ ਪੰਜਾਬੀ ਸਾਹਿਤ ਵਿਚ ਪੀ. ਐਚ. ਡੀ. ਕਰ ਚੁਕੇ ਹਨ ਅਤੇ ੧੪ ਹੋਰ ਵਿਦਿਆਰਥੀ ਪੀ. ਐਚ. ਡੀ. ਲਈ ਰਜਿਸਟਰਡ ਹਨ। ਥੀਸਿਸ ਛਪਿਆ ਕੇਵਲ ਮੇਰਾ ਹੀ ਹੈ। ਪੰਜਾਬੀ ਦੇ ਰਿਸਾਲੇ ਸ਼ੁਰੂ ਹੁੰਦੇ ਹਨ, ਬੰਦ ਹੁੰਦੇ ਹਨ। ਪੰਜਾਬੀ ਮਾਸਿਕ 'ਲਹਿਰਾਂ' ੨੬ ਸਾਲ ਤੋਂ ਛਪ ਰਿਹਾ ਹੈ। ਰੋਜ਼ਾਨਾ 'ਸੱਜਣ' ਬੰਦ ਹੋ ਗਿਆ ਹੈ। ਪੰਜਾਬੀ ਦਾ 'ਰਵੇਲ' ਮਾਸਿਕ ਚਲ ਰਿਹਾ ਹੈ। ਲਾਹੌਰ ਯੂਨੀਵਰਸਿਟੀ ਦਾ ਛਿਮਾਹੀ ਰਿਸਾਲਾ 'ਖੋਜ' ੧੯੭੯ ਤੋਂ ਲਗਾਤਾਰ ਪ੍ਰਕਾਸ਼ਿਤ ਹੋ ਰਿਹਾ ਹੈ।" ਇਸਦੇ ਸੰਪਾਦਕ ਵੀ ਜਨਾਬ ਮਲਿਕ ਹੀ ਹਨ। ਮਲਿਕ ਸਾਹਿਬ ਨੇ ਹੋਰ



Sri Satguru Jagjit Singh Ji eLibrary NamdhariElibrary@gmail.com

ਜਾਣਕਾਰੀ ਦਿਤੀ—"ਯੂਨੀਵਰਸਿਟੀ ਵਿਚ ਪੰਜਾਬੀ ਦੇ ਪੰਜ ਪ੍ਰੋਫੈਸਰ ਹਨ, ਜਿਨ੍ਹਾਂ ਵਿਚੋਂ ਤਿੰਨ ਪੀ. ਐਚ. ਡੀ. ਹਨ।"

ਮਲਿਕ ਸਾਹਿਬ ਦੱਸ ਰਹੇ ਸਨ ਅਤੇ ਹਰ ਤੀਸਰੇ ਚੌਥੇ ਫਿਕਰੇ ਮਗਰੋਂ ਪੁਛ ਵੀ ਲੈਂਦੇ ਸਨ "ਆਈ ਸਮਝ?" ਇਕ ਵਾਰ ਤਾਂ ਮੈਂ ਕਹਿ ਹੀ ਦਿਤਾ "ਜਦ ਤੁਹਾਡੇ ਵਰਗਾ ਵਿਦਵਾਨ ਸਮਝਾ ਰਿਹਾ ਹੋਵੇ ਤਾਂ ਸਮਝ ਕਿਵੇਂ ਨਹੀਂ ਆਏਗੀ?"

ਜਦ ਮੈਂ ਲਿਪੀ ਬਾਰੇ ਪ੍ਰਸ਼ਨ ਕੀਤਾ ਤੇ ਦਸਿਆ ਕਿ ਰਾਵਲਪਿੰਡੀ ਵਿਚ ਪ੍ਰਸਿਧ ਲੇਖਕ ਜਨਾਬ ਅਫ਼ਜ਼ਲ ਪ੍ਰਵੇਜ਼ ਨੇ ਕਿਹਾ ਹੈ ਕਿ ਯੂਨੀਵਰਸਿਟੀ ਦੇ ਪਹਿਲੇ ਪੰਜਾਬੀ ਮੁਖੀ ਵਲੋਂ ਚਾਲੂ ਕੀਤੀ ਗੁਰਮੁਖੀ ਲਿਪੀ ਤੁਸਾਂ ਬੰਦ ਕਰ ਦਿਤੀ ਤਾਂ ਮਲਿਕ ਸਾਹਿਬ ਨੇ ਇਸ ਦਾ ਜ਼ੋਰਦਾਰ ਖੰਡਨ ਕੀਤਾ ਤੇ ਚੁਣੌਤੀ ਦਿਤੀ ਕਿ ਸਾਬਤ ਕਰੇ ਕਿ ਪਾਕਿਸਤਾਨੀ ਪੰਜਾਬ ਵਿਚ ਕਦੇ ਵੀ ਗੁਰਮੁਖੀ ਲਿਪੀ ਚਾਲੂ ਹੋਈ ਸੀ।

ਮੈਨੂੰ ਇਕਬਾਲ ਕੈਸਰ ਨੇ ਕਹਿਆ ਕਿ ਮਲਿਕ ਸਾਹਿਬ ਬਹੁਤ ਬਿਜ਼ੀ ਹਨ ਅਤੇ ਉਨ੍ਹਾਂ ਕੋਲ ਤੁਹਾਡੇ ਲਈ ਸ਼ਾਇਦ ਹੀ ਅੱਧੇ ਘੰਟੇ ਤੋਂ ਵੱਧ ਸਮਾਂ ਨਿਕਲ ਸਕੇ ਪਰ ਹੁਣ ਅੱਧੇ ਘੰਟੇ ਬੀਤ ਜਾਣ ਤੇ ਵੀ ਮਲਿਕ ਸਾਹਿਬ ਦਾ ਲੈਕਚਰ ਜਾਰੀ ਸੀ। ਹੁਣ ਉਹ ਆਪਣੀ ਸਾਹਿਤਕ ਯਾਤਰਾ ਬਾਰੇ ਵਿਸਥਾਰ ਨਾਲ ਦੱਸ ਰਹੇ ਸਨ ਪਰ ਮੈਂ ਉਠ ਜਾਣ ਲਈ ਅੰਦਰੋਂ ਕਾਹਲਾ ਸਾਂ।

ਆਖ਼ਿਰ ਮੈਨੂੰ ਇਹ ਮੌਕਾ ਮਿਲ ਹੀ ਗਿਆ। ਮਲਿਕ ਸਾਹਿਬ ਦੱਸਣ ਲਗੇ ਕਿ ਉਹ ਕਈ ਵਾਰ ਭਾਰਤ ਗਏ ਹਨ ਅਤੇ ਉਨ੍ਹਾਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਲੇਖਕਾਂ ਦੀ ਕਾਨਫਰੰਸ ਵਿਚ ਘੰਟੇ ਤਕ ਭਾਸ਼ਣ ਦਿਤਾ ਸੀ।

ਮੈਂ ਝਟ ਬੋਲਿਆ 'ਹਾਂ ਮਲਿਕ ਸਾਹਿਬ' ਮੈਂ ਵੀ ਤੁਹਾਡਾ ਉਹ ਭਾਸ਼ਣ ਸੁਣਿਆ ਸੀ। ਤੁਹਾਨੂੰ ਸ਼ਾਇਦ ਪਤਾ ਕਿ ਨਹੀਂ ਕਿ ਤੁਹਾਡੇ ਉਸ ਲੰਬੇ ਭਾਸ਼ਣ ਮਗਰੋਂ ਤਾਂ ਹੁਣ ਸਾਡੇ ਪਾਸੇ ਕਿਸੇ ਸਾਹਿਤਕ ਇਕੱਤਰਤਾ ਵਿਚ ਲੰਬਾ ਭਾਸ਼ਣ ਦੇਣ ਵਾਲੇ ਨੂੰ ਰੋਕਣਾ ਹੋਵੇ ਤਾਂ ਕਿਹਾ ਜਾਂਦਾ ਹੈ "ਬਹਿ ਜਾ ਬਹੁਤ ਹੋ ਗਿਆ। ਸ਼ਹਿਬਾਜ਼ ਮਲਿਕ ਬਣਨ ਦੀ ਕੋਸ਼ਿਸ਼ ਨਾ ਕਰ।"

ਮਲਿਕ ਸਾਹਿਬ ਖਿੜਖਿੜਾਕੇ ਹੱਸੇ ਅਤੇ ਮੈਂ ਸਥਿਤੀ ਦਾ ਲਾਭ ਉਠਾਂਦਿਆਂ ਜਾਣ ਲਈ ਹਥ ਜੋੜ ਕੇ ਉਠ ਖੜ੍ਹਾ ਹੋਇਆ। ਮਲਿਕ ਸਾਹਿਬ ਕੁਰਸੀ ਤੋਂ ਉਠੇ, ਮੇਰੇ ਨਾਲ ਕਮਰੇ ਤੋਂ ਬਾਹਰ ਆਏ ਅਤੇ ਫੇਰ ਮੇਰੇ ਅਗੇ ਅਗੇ ਬਾਹਰ ਵੱਲ ਤੁਰ ਪਏ। ਸੜਕ ਕਿਨਾਰੇ ਪਹੁੰਚ ਕੇ ਅਚਾਨਕ ਰੁਕੇ ਅਤੇ ਪਿਛੇ ਮੁੜਕੇ ਜੱਫੀ ਪਾ ਕੇ ਮੈਨੂੰ ਛਾਤੀ ਨਾਲ ਲਗਾਇਆ।

ਮੈਂ ਹੁਣ ਤਕ ਮਲਿਕ ਸਾਹਿਬ ਬਾਰੇ ਜੋ ਸੋਚਦਾ ਰਿਹਾ ਸਾਂ ਤੇ ਦੇਖ ਰਿਹਾ ਸਾਂ, ਉਨ੍ਹਾਂ ਦੀ ਇਹ ਕਾਰਵਾਈ ਉਸਦੇ ਉਲਟ ਸੀ। ਸਚ ਹੈ, ਆਦਮੀ ਦੇ ਮਨ ਦੀ ਗਹਿਰਾਈ ਕਿਸੇ ਨੇ ਨਹੀਂ ਮਾਪੀ।

ਜਬ ਗਲੇ ਸੇ ਮਿਲ ਗਏ,
ਸਾਰਾ ਗਿਲਾ ਜਾਤਾ ਰਹਾ।

---


ਫ਼ੋਨ ਨੰਬਰ

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।।

(01871) 43641

## ਹਰ ਸਾਈਜ਼ ਦੇ ਖਰਾਦ, ਰੰਦੇ ਅਤੇ ਡਰਿਲ ਮਸ਼ੀਨਾਂ

ਬਨਾਉਣ ਵਾਲੇ

# ਨਾਮਧਾਰੀ ਗਰੁਪ ਆਫ਼ ਇੰਡਸਟਰੀਜ਼

# ਬਟਾਲਾ

(ਪ੍ਰ. ਸੂਬਾ ਅਜੀਤ ਸਿੰਘ ਨਾਮਧਾਰੀ)

- ਨਾਮਧਾਰੀ ਇੰਜੀਨਰਿੰਗ ਵਰਕਸ
- ਨਿਊ ਨਾਮਧਾਰੀ ਫਾਊਂਡਰੀ
- ਨਾਮਧਾਰੀ ਇੰਟਰਪ੍ਰਾਈਜਿਜ਼
- ਨਾਮਧਾਰੀ ਕਾਸਟਿੰਗ ਉਦਯੋਗ

## ਕਾਹਨੂੰਵਾਨ ਰੋਡ, ਬਟਾਲਾ (ਪੰਜਾਬ)





Sri Satguru Jagjit Singh Ji eLibrary NamdhariElibrary@gmail.com

# ਆਪਣੀ ਬੱਸ

—ਮਾ: ਅਮਰੀਕ ਸਿੰਘ

ਕਈ ਸਾਲਾਂ ਦੀ ਗੱਲ ਏ, ਮੈਂ ਅੱਸੂ ਦੇ ਮੇਲੇ ਤੇ ਸ੍ਰੀ ਭੈਣੀ ਸਾਹਿਬ ਗਿਆ ਹੋਇਆ ਸਾਂ। ਮੇਲਾ ਬੜੇ ਅਨੰਦ ਨਾਲ ਵੇਖਿਆ। ਭੋਗ ਵਾਲੇ ਦਿਨ ਸਵੇਰੇ ਹੀ ਦਰਸ਼ਨ ਕਰਨ ਲਈ ਲਾਈਨ ਵਿਚ ਲੱਗ ਗਿਆ। ਸੱਚੇ ਪਾਤਸ਼ਾਹ ਜੀ ਦੇ ਬਿਲਕੁਲ ਨੇੜੇ ਜਾ ਕੇ ਦਰਸ਼ਨ-ਭੇਟ ਕਰਨ ਲਈ ਜੇਬ੍ਹ ਵਿਚ ਹੱਥ ਪਾਇਆ ਤਾਂ ਜੇਬ੍ਹ ਵਿਚ ਕੁਝ ਵੀ ਨਹੀਂ ਸੀ। ਦੂਜੀ ਵਿਚ ਹੱਥ ਮਾਰਿਆ ਤਾਂ ਇਕ ਪੰਜਾਹ ਰੁਪੈ ਦਾ ਨੋਟ ਅਤੇ ਦੋ ਰੁਪੈ ਦਾ ਨੋਟ ਮੇਰੇ ਹੱਥ ਲਗਾ। ਦੋ ਰੁਪੈ ਦਾ ਨੋਟ ਮੱਥਾ ਟੇਕਣਾ ਮੈਂ ਠੀਕ ਨਾ ਸਮਝਿਆ। ਕਿਉਂਕਿ ਮੈਂ ਕਈ ਵੇਰ ਸੋਚਦਾਂ ਕਿ ਅਜ ਇਕ ਰੁਪੈ ਦੀ ਕੀਮਤ ਕੇਵਲ ੯ ਪੈਸੇ ਹੈ ਤੇ ਅਠਾਰਾਂ ਪੈਸੇ ਦਰਸ਼ਨ-ਭੇਟ ਕਰਨੀ ਤਾਂ ਉਂਝ ਹੀ ਬਹੁਤ ਥੋੜ੍ਹੀ ਜਿਹੀ ਹੈ। ਪੰਜਾਹ ਰੁਪੈ ਦਾ ਨੋਟ ਮੱਥਾ ਟੇਕ ਕੇ ਬਾਕੀ ਮੇਰੇ ਕੋਲ ਕੁਝ ਨਹੀਂ ਸੀ ਬਚਣਾ। ਸੋ ਏਸੇ ਉਧੇੜ-ਬੁਣ ਵਿਚ ਹੀ ਮੈਂ ਅਗਲੇ ਕਿਸੇ ਸੱਜਣ ਤੋਂ ਪੰਜਾਹ ਦਾ ਭਾਨ ਲੈਣਾ ਚਾਹਿਆ, ਪਰ ਨਾ ਮਿਲਿਆ। ਪਿਛਲੇ ਤੋਂ ਹੋਰ ਪਿਛਲੇ ਤੋਂ ਵੀ ਨਾ ਮਿਲ ਸਕੇ। ਇਤਨੇ ਨੂੰ ਹਜ਼ੂਰੀ ਪਹਿਰੇ-ਦਾਰ ਨੇ ਮੋਢੇ ਤੋਂ ਫੜ ਕੇ ਆਖਿਆ—ਅੱਗੇ ਚਲੋ ਸੰਤ ਜੀ, ਹੋਰ ਵੀ ਸੰਗਤ ਨੇ ਮੱਥਾ ਟੇਕਣਾ ਹੈ।

ਮੈਂ ਉੱਭੜਵਾਹੇ ਹੀ ਪੰਜਾਹ ਦਾ ਨੋਟ ਦਰਸ਼ਨ-ਭੇਟ ਕਰਕੇ ਬਾਹਰ ਆ ਕੇ ਸੰਗਤ ਵਿਚ ਬੈਠ ਗਿਆ, ਪਰ ਮਨ ਨਾ ਟਿਕਿਆ। 'ਪਿੰਡ ਕਿਵੇਂ ਪਹੁੰਚਾਂਗਾ?' ਇਹ ਹੀ ਝੋਰਾ ਅੰਦਰੇ ਅੰਦਰ ਖਾ ਰਿਹਾ ਸੀ। ਇਹ ਸਥਿਤੀ ਉਹ ਹੀ ਜਾਣਦੇ ਨੇ ਜਿਨ੍ਹਾਂ ਦੀ ਜੇਬ੍ਹ ਕਦੀ ਬਿਲਕੁਲ ਖਾਲੀ ਹੋਈ ਹੋਵੇ। ਸਭ ਰੌਣਕਾਂ ਵੀਰਾਨੀ ਵਿਚ ਬਦਲ ਜਾਂਦੀਆਂ ਨੇ। ਸਭ ਬਾਜ਼ਾਰ, ਸਾਮਾਨ ਨਾਲ ਭਰੀਆਂ ਦੁਕਾਨਾਂ ਖਾਲੀ ਲੱਗਣ ਲੱਗ ਜਾਂਦੀਆਂ ਹਨ। ਕਿਸੇ ਬੰਦੇ ਨਾਲ ਅੱਖਾਂ ਮਿਲਾ ਕੇ ਗੱਲਾਂ ਕਰਨ ਦਾ ਹੀਆ ਹੀ ਨਹੀਂ ਪੈਂਦਾ। ਹੀਣ-ਭਾਵ ਭਾਰੂ ਹੋ ਜਾਂਦਾ ਹੈ।

ਖ਼ੈਰ, ਮੇਲੇ ਦਾ ਭੋਗ ਪਿਆ, ਮੈਂ ਸਭ ਲੋਕਾਂ ਤੋਂ ਅੱਖਾਂ ਚੁਰਾਂਦਾ ਬਚਦਾ ਬਚਾਂਦਾ ਲੰਗਰ ਵਿਚ ਚਲਾ ਗਿਆ। ਪਰਸ਼ਾਦਾ ਛਕਿਆ ਤੇ ਦੋ ਪਰਸ਼ਾਦੇ ਰਾਹ ਲਈ ਬੰਨ੍ਹ ਕੇ ਬੈਗ ਵਿਚ ਪਾ ਲਏ। ਲੰਗਰੋਂ ਬਾਹਰ ਆ ਕੇ ਅੱਡੇ ਵਲ ਨੂੰ ਆ ਰਿਹਾ ਸਾਂ। ਸੰਗਤ ਘਰਾਂ ਨੂੰ ਜਾਣ ਦੀ ਤਿਆਰੀ ਵਿਚ ਏਧਰੋਂ ਓਧਰ ਤੇ ਓਧਰੋਂ ਏਧਰ ਆ ਜਾ ਰਹੀ ਸੀ। ਮੈਂ ਮਨ ਵਿਚ ਸੋਚ ਰਿਹਾ ਸਾਂ—ਕਿਵੇਂ ਕਰਾਂ, ਕਿਸ ਤੋਂ ਮੰਗਾਂ ਕਿਰਾਏ ਲਈ ਪੈਸੇ? ਉੱਕਾ ਹੀਆ ਨਾ ਪਵੇ ਕਿਸੇ ਤੋਂ ਪੁਛਣ ਤੇ। ਹਾਲਾਂਕਿ ਕਈ ਵਾਕਫ਼ ਜਾਣੂੰ ਵੀ ਮਿਲੇ।

ਏਸੇ ਅਧੋਗਤੀ ਵਿਚ ਹੀ ਅੱਡੇ ਪੁਜ ਗਿਆ। ਦੋ ਮਿੰਟ ਹੀ ਹੋਏ ਸਨ ਕਿ ਲੁਧਿਆਣੇ ਦਾ ਕੋਈ ਸੱਜਣ ਕਾਰ ਤੇ ਲੰਘਿਆ। ਮੈਂ ਅਣਸੋਚੇ ਹੀ ਹੱਥ ਕਰ ਦਿਤਾ। ਖੜ੍ਹਨ ਤੋਂ ਪਹਿਲਾਂ ਹੀ ਕਾਰ ਵਿਚੋਂ ਇਕ ਸੱਜਣ ਨੇ ਹੱਥ ਕਢਕੇ ਇਸ਼ਾਰਾ ਕੀਤਾ ਤੇ ਆਖਿਆ, "ਮਾਸਟਰ ਜੀ ਆ ਜਾਓ।"

ਮੈਂ ਬੈਗ ਮੋਢੇ ਤੇ ਪਾਈ ਭੱਜ ਕੇ ਕਾਰ ਵਿਚ ਬੈਠ ਗਿਆ। ਕਾਰ ਨੇ ਆਪਣੀ ਸਪੀਡ ਫੜ ਲਈ। ਕਾਰ ਵਾਲੇ ਕੌਣ ਸਨ ਮੈਂ ਜਾਣਦਾ ਹੀ ਨਹੀਂ ਸਾਂ। ਰਾਹ ਵਿਚ ਇਕ ਸੱਜਣ ਨੇ ਆਖਿਆ, "ਮਾਸਟਰ ਜੀ, ਰਾਤ ਕਵੀ ਦਰਬਾਰ ਵਿਚ ਤੁਹਾਡੀ ਕਵਿਤਾ ਬਹੁਤ ਸਿਰੇ ਦੀ ਸੀ! ਕਿਵੇਂ ਲਿਖ ਲੈਂਦੇ ਹੋ?"

ਮੈਂ ਦੋਵੇਂ ਹੱਥ ਜੋੜ ਕੇ ਕਾਰ ਵਿਚ ਡੈਸ਼ ਬੋਰਡ ਤੇ ਲਗੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਫੋਟੋ ਨੂੰ ਨਮਸਕਾਰ ਕੀਤੀ ਤੇ ਆਖਿਆ, "ਸਭ ਇਹਨਾਂ ਦੀ ਹੀ ਕਿਰਪਾ ਹੈ, ਇਹ ਚਾਹੁੰਣ ਤਾਂ ਗੁੰਗੇ ਤੋਂ ਵੀ ਗੀਤਾ ਦੇ ਅਰਥ ਕਰਵਾ ਸਕਦੇ ਹਨ।"

"ਹਾਂ ਮਾਸਟਰ ਜੀ!" ਕਾਰ ਵਿਚਲੇ ਇਕ ਬਜ਼ੁਰਗ ਨੇ ਆਖਿਆ, "ਇਹ ਉਹਨਾਂ ਦੀ ਹੀ ਕਿਰਪਾ ਹੈ ਕਿ ਮੇਰੇ ਵਰਗੇ ਕਾਰਾਂ ਦੇ ਮਾਲਕ ਬਣ ਬੈਠੇ ਹਨ, ਨਹੀਂ ਤੇ ਅਜ ਅਸਾਂ ਦਿਹਾੜੀਆਂ ਕਰਦਿਆਂ ਹੋਣਾ ਸੀ।" ਸਾਰਿਆਂ ਮਿਲਕੇ ਆਖਿਆ—"ਧੰਨ ਹਨ ਸੱਚੇ ਪਾਤਸ਼ਾਹ ਜੀ!"

ਖ਼ੈਰ, ਕਾਰ ਚੱਲ ਰਹੀ ਸੀ। ਮੇਰੀ ਸੁਰਤ ਆਪਣੀ ਜੇਬ ਵੱਲ ਚਲੀ ਗਈ, ਜੋ ਪਾਣੀਓਂ ਬਗੈਰ ਖੂਹ ਵਾਂਗ ਡੌਲ ਬਣੀ ਪਈ ਸੀ ਮਾਇਆ ਬਗੈਰ। ਜੋ ਰਾਤ ਭਰੀ ਪਈ ਸੀ, ਪਰ ਮੱਥਾ ਟੇਕਣ ਗਿਆਂ ਲਾਈਨ ਵਿਚ ਲੱਗਣ ਤੋਂ ਪਹਿਲਾਂ ਹੀ ਸਾਫ ਹੋ ਚੁਕੀ ਸੀ। ਬਸ ਦੂਜੀ ਜੇਬ ਵਿਚ ਕੇਵਲ ਬਵੰਜਾ ਰੁਪੈ ਰਹਿ ਗਏ ਸਨ। ਸੋਚ ਰਿਹਾ ਸਾਂ ਕਾਰ ਵਾਲਿਆਂ ਨੂੰ ਹੀ ਪੁੱਛ ਲਵਾਂ ਕਿਰਾਏ ਜੋਗੇ ਪੈਸੇ। ਕਦੀ ਮਨ ਹਾਂ ਕਰੇ ਕਦੇ ਨਾਂਹ। ਸੋਚਦਿਆ ਹੀ ਮੈਂ ਹੁੰਘਲਾ ਗਿਆ। ਸੱਚੇ ਪਾਤਸ਼ਾਹ ਕਹਿ ਰਹੇ ਸਨ, "ਫ਼ਿਕਰ ਵਾਲੀ ਕਿਹੜੀ



Sri Satguru Jagjit Singh Ji eLibrary NamdhariElibrary@gmail.com

ਗੱਲ ਏ ਤਕੜਾ ਹੋ।" ਮੈਂ ਕੁਝ ਕਹਿਣ ਹੀ ਲੱਗਾ ਸਾਂ ਕਿ ਇਕ ਹੁਝਕੇ ਨਾਲ ਕਾਰ ਰੁਕੀ, ਮੈਂ ਝਟਪਟ ਅੱਖਾਂ ਖੋਲ੍ਹੀਆਂ। ਕਾਰ ਵਿਚੋਂ ਇਕ ਸੱਜਣ ਕਹਿ ਰਿਹਾ ਸੀ :

"ਮਾਸਟਰ ਜੀ, ਜੇ ਸਰਸੇ ਨੂੰ ਜਾਣਾ ਹੈ ਤਾਂ ਅੱਡਾ ਆ ਗਿਆ ਏ। ਜੇ ਕੁਝ ਦੇਰ ਰੁਕ ਸਕੋ ਤਾਂ ਘਰੋਂ ਜਲ-ਪਾਣੀ ਛਕ ਕੇ ਆ ਜਾਣਾ, ਅਸੀਂ ਤੁਹਾਨੂੰ ਅੱਡੇ ਤੇ ਛੱਡ ਜਾਵਾਂਗੇ।"

"ਨਹੀਂ ਨਹੀਂ, ਮੈਂ ਜਲਦੀ ਜਾਣਾ ਹੈ, ਮੈਨੂੰ ਏਥੇ ਹੀ ਉਤਾਰ ਦਿਓ, ਬਹੁਤ ਬਹੁਤ ਧੰਨਵਾਦ!" ਮੈਂ ਬੈਗ ਚੁੱਕ ਕੇ ਬਾਰੀ ਖੋਲ੍ਹੀ ਤੇ ਕਾਰ ਵਿਚੋਂ ਉਤਰ ਗਿਆ। ਸਾਰਿਆਂ ਨੂੰ ਨਮਸਕਾਰ ਕੀਤੀ। ਉਹਨਾਂ ਵੀ ਉੱਤਰ 'ਚ ਸਤਿ ਸ੍ਰੀ ਅਕਾਲ ਕਹੀ ਤੇ ਕਾਰ ਚਾਲੇ ਪਾ ਗਈ।

ਮੈਂ ਸੜਕ ਤੇ ਖੜ੍ਹਾ ਸੋਚ ਰਿਹਾ ਸਾਂ—ਜੇ ਕਾਰ ਵਿਚ ਸੌਂਦਾ ਨਾ ਤਾਂ ਇਹਨਾਂ ਤੋਂ ਕਿਰਾਏ ਜੋਗੇ ਪੈਸੇ ਮੰਗ ਲੈਣੇ ਸਨ। ਪਰ ਹੁਣ ਕੀ ਹੋ ਸਕਦਾ ਸੀ।

ਅਣ-ਮਨਿਆ ਜਿਹਾ ਮੈਂ ਅੱਡੇ ਤੇ ਆ ਗਿਆ। ਵੈਸੇ ਲੁਧਿਆਣੇ ਮੇਰੇ ਬਹੁਤ ਵਾਕਿਫ਼ ਹਨ, ਪਰ ਉਹਨਾਂ ਕੋਲ ਪੁੱਜਾਂ ਕਿਵੇਂ ? ਕੋਲ ਤਾਂ ਦੋ ਰੁਪੈ ਵੀ ਨਹੀਂ ਸਨ। ਰਿਕਸ਼ੇ ਵਾਲੇ ਵੀ ਦਸਾਂ ਤੋਂ ਘੱਟ ਨਹੀਂ ਸੀ ਜਾਣਾ।

ਇਕ ਖਾਲੀ ਬੈਂਚ ਤੇ ਬੈਠ ਗਿਆ। ਅੱਡੇ ਤੇ ਕਿੰਨੀ ਰੌਣਕ ਸੀ—ਦੁਕਾਨਾਂ ਤੇ, ਟਿਕਟ ਖਿੜਕੀਆਂ ਤੇ, ਬੱਸਾਂ ਤੇ... ਪਰ ਮੈਨੂੰ ਤਾਂ ਮੇਰੀ ਖਾਲੀ ਜੇਬ ਤੋਂ ਬਗੈਰ ਕੁਝ ਵੀ ਨਹੀਂ ਸੀ ਨਜ਼ਰ ਆ ਰਿਹਾ।

ਬੱਸ ਵਾਲਾ ਕਹਿ ਰਿਹਾ ਸੀ, "ਰਾਏਕੋਟ ਬਰਨਾਲਾ ਮਾਨਸਾ ਸਰਸਾ...... ਚਲੋ ਬਈ ਬੱਸ ਸਵਾ ਗਿਆਰਾਂ ਵਜੇ ਜਾ ਰਹੀ ਏ।" ਮੈਂ ਘੜੀ ਵਲ ਵੇਖਿਆ—ਪੌਣੇ ਗਿਆਰਾਂ ਸਨ। ਮੈਨੂੰ ਇਕ ਆਸ ਦੀ ਕਿਰਨ ਨਜ਼ਰ ਆਈ—ਸਰਸੇ ਜਾਣ ਵਾਲੀ ਬੱਸ ਤੇ ਸਰਸੇ ਜਾਣ ਵਾਲਾ ਕੋਈ ਵਾਕਿਫ਼ ਸੱਜਣ ਜ਼ਰੂਰ ਮਿਲ ਜਾਏਗਾ। ਮੈਂ ਸੋਚਿਆ, "ਉਸ ਨੂੰ ਕਹਾਂਗਾ ਮੇਰੀ ਟਿਕਟ ਲੈ ਲਵੇ।"

ਪੰਜ ਮਿੰਟ ਹੋਰ ਲੰਘ ਗਏ, ਪਰ ਕੋਈ ਨਾ ਆਇਆ। ਬੱਸ ਭਰਦੀ ਜਾ ਰਹੀ ਸੀ। ਮੈਂ ਨੀਵੀਂ ਪਾਈ ਉਦਾਸੀ ਦੇ ਸਾਗਰ ਵਿਚ ਲਹਿੰਦਾ ਜਾ ਰਿਹਾ ਸਾਂ।

"ਸਰਦਾਰ ਜੀ, ਤੁਹਾਡਾ ਨਾਂ ਕਿਤੇ ਮਾਸਟਰ ਅਮਰੀਕ ਸਿੰਘ ਤੇ ਨਹੀਂ ?" ਇਕ ਸੂਟਡ-ਬੂਟਡ ਸਰਦਾਰ ਜੀ ਮੈਨੂੰ ਪੁੱਛ ਰਹੇ ਸਨ।

ਮੈਂ ਤ੍ਰਭਕ ਕੇ ਉਤਾਂਹ ਵੇਖਿਆ ਤੇ ਡਰਦੇ ਡਰਦੇ ਕਿਹਾ, "ਹਾਂ ਜੀ, ਹਾਂ ਤਾਂ ਅਮਰੀਕ ਸਿੰਘ ਹੀ!" ਇਹ ਸ਼ਬਦ ਮੈਂ ਇਸ ਤਰ੍ਹਾਂ ਕੰਬਦੇ ਕੰਬਦੇ ਕਹੇ ਜਿਵੇਂ ਕੋਈ ਮੁਲਜ਼ਿਮ ਜੱਜ ਸਾਹਮਣੇ ਬਿਆਨ ਦੇ ਰਿਹਾ ਹੋਵੇ।

ਉਸ ਨਾਵਾਕਿਫ਼ ਸੱਜਣ ਨੇ ਮੈਨੂੰ ਬਾਹੋਂ ਫੜ ਕੇ ਉਠਾਇਆ ਤੇ ਜੱਫੀ ਵਿਚ ਘੁੱਟ ਲਿਆ—"ਤੁਸੀਂ ਮੈਨੂੰ ਪਛਾਣਿਆ ਨਹੀਂ ਮਾਸਟਰ ਜੀ ?"

"ਨਹੀਂ ਸਰਦਾਰ ਜੀ!" ਮੈਂ ਡਰਦੇ ਡਰਦੇ ਕਿਹਾ।

"੧੯੮੬ ਵਿਚ ਤੁਸੀਂ ਸਿੰਘਾਪੁਰ ਗਏ ਸੀ ਨਾ ?" ਸਰਦਾਰ ਜੀ ਨੇ ਮੈਥੋਂ ਫੇਰ ਪੁਛਿਆ।

"ਹਾਂ ਜੀ"—ਮੈਂ 'ਹਾਂ' ਵਿਚ ਸਿਰ ਹਿਲਾਇਆ।

"ਸਿੰਘਾਪੁਰ ਹਵਾਈ ਅੱਡੇ ਤੇ ਤੁਹਾਨੂੰ ਮੇਰੇ ਵਰਗਾ ਕੋਈ ਆਦਮੀ ਮਿਲਿਆ ਸੀ ?" ਸਰਦਾਰ ਜੀ ਨੇ ਮੈਨੂੰ ਚੇਤੇ ਕਰਾਇਆ।

"ਉਥੇ ਤਾਂ ਕਈ ਮਿਲੇ ਸਨ......ਤੁਸੀਂ ਪਤਾ ਨਹੀਂ ਕਿਹੜੇ ਦੀ ਗੱਲ ਕਰ ਰਹੇ ਹੋ।"

ਇਕ ਮੇਰੇ ਵਰਗੇ ਬੰਦੇ ਨੇ ਤੁਹਾਡੇ ਤੋਂ ਕੁਝ ਪੈਸੇ ਮੰਗੇ ਸਨ, ਯਾਦ ਜੇ ?"

"ਹਾਂ ਯਾਦ ਆਇਆ" ਉਹ ਕਹਿ ਰਿਹਾ ਸੀ ਪੈਸੇ ਸਾਰੇ ਮੁੱਕ ਗਏ ਨੇ ਜੇ ਪੰਜ ਸੌ ਰੁਪਿਆ ਦੇ ਦਿਓ ਤਾਂ ਭਾਰਤ ਜਾ ਕੇ ਜ਼ਰੂਰ ਦੇ ਦਿਆਂਗਾ ਜ਼ਰੂਰ ਮਿਹਰਬਾਨੀ ਕਰੋ", ਤੇ ਮੈਂ ਸਾਥੀਆਂ ਦੇ ਰੋਕਦਿਆਂ ਵੀ ਸਿੰਘਾਪੁਰ ਦੇ ੧੦ ਡਾਲਰ ਉਹਨੂੰ ਦੇ ਦਿਤੇ ਸਨ।

"ਫੇਰ ਕਦੀ ਉਹ ਮਿਲਿਆ ਕਿ ਨਹੀਂ" ਸਰਦਾਰ ਜੀ ਨੇ ਫੇਰ ਪ੍ਰਸ਼ਨ ਕੀਤਾ।

"ਨਾ ਜੀ ਰੱਬ ਦਾ ਨਾਂ ਲਓ" ਅਜ ਤਕ ਉਸ ਕਦੇ ਸ਼ਕਲ ਤਕ ਨਹੀਂ ਦਿਖਾਈ ਹਾਲਾਂ ਕਿ ਉਸ ਮੇਰਾ ਐਡਰੈਸ ਚੰਗੀ ਤਰ੍ਹਾਂ ਨੋਟ ਕੀਤਾ ਸੀ। ਮੈਂ ਉਤਰ ਦਿਤਾ।

"ਉਹ ਆਦਮੀ ਤੁਹਾਡੇ ਸਾਹਮਣੇ ਖੜਾ ਏ ਤੇ ਔਹ ਲਓ ਆਪਣੀ ਅਮਾਨਤ।" ਤੇ ਸਰਦਾਰ ਜੀ ਨੇ ਸੌ ਸੌ ਦੇ ਅਠ ਨੋਟ ਮੇਰੇ ਵਲ ਵਧ ਦਿਤੇ।"

"ਹੈਂ ਤਾਂ ਉਹ ਤੁਸੀਂ ਹੋ ਉਹ ਸਰਦਾਰ ਜੀ" ਮੇਰੇ ਅੱਖਾਂ ਵਿਚੋਂ ਅਥਰੂ ਨਿਕਲ ਤੁਰੇ ਪਤਾ ਨਹੀਂ ਖੁਸ਼ੀ ਦੇ ਕੇ ਹੈਰਾਨੀ ਦੇ!

ਹਾਂ ਬਾਦਸ਼ਾਹੋ ਮੈਨੂੰ ਬੜਾ ਅਫਸੋਸ ਹੈ ਕਿ ਐਨਾ ਚਿਰ



Sri Satguru Jagjit Singh Ji eLibrary NamdhariElibrary@gmail.com

ਤੁਹਾਨੂੰ ਨਹੀਂ ਮਿਲ ਸਕਿਆ। ਅਜ ਅਚਾਨਕ ਤੁਹਾਡੇ ਦਰਸ਼ਨ ਹੋ ਗਏ ਤੇ ਮੈਂ ਆਖਿਆ ਆ ਣਾ ਕਰਜ਼ਾ ਲਾਹ ਦਿਆਂ। ਤੁਸਾਂ ਉਸ ਦਿਨ ਸਿੰਘਾਪੁਰ ਮੇਰੀ ਬਹੁਤ ਮਦਦ ਕੀਤੀ ਸੀ" ਤੇ ਸਰਦਾਰ ਜੀ ਨੇ ਅੱਠੇ ਨੋਟਾਂ ਦੀ ਥਹੀ ਮੇਰੇ ਹੱਥ ਫੜਾ ਦਿਤੀ।"

ਨੋਟ ਫੜਦਿਆਂ ਮੈਂ ਸਰਦਾਰ ਜੀ ਦਾ ਧੰਨਵਾਦ ਕੀਤਾ ਤੇ ਬਹੁਤਾ ਧੰਨ ਮੈਂ ਆਪਣੇ ਸੱਚੇ ਪਾਤਸ਼ਾਹਾਂ ਦਾ ਕੀਤਾ ਜਿਨ੍ਹਾ ਮੈਨੂੰ ਕਾਰ ਵਿਚ ਹੁੰਘਾਲਾਂਦੇ ਹੋਏ ਨੂੰ ਆਖਿਆ ਸੀ "ਤਗੜਾ ਹੋ, ਫਿਕਰ ਵਾਲੀ ਕਿਹੜੀ ਗੱਲ ਹੈ।"

ਨੋਟ ਜੇਬ ਵਿਚ ਪਾ ਕੇ ਸਰਦਾਰ ਜੀ ਨੂੰ ਜੱਫੀ ਪਾ ਲਈ ਤੇ ਸੱਜਲ ਅਖਾਂ ਨਾਲ ਉਨ੍ਹਾਂ ਤੋਂ ਵਿਦਾਈ ਲਈ।

ਕੰਡਕਟਰ ਕਹਿ ਰਿਹਾ ਸੀ "ਚਲੋ, ਰਾਏਕੋਟ, ਬਰਨਾਲੇ, ਮਾਨਸਾ, ਸਰਸਾ।

ਮੈਂ ਘੜੀ ਵੇਖੀ ਸਵਾ ਗਿਆਰਾਂ ਵੱਜ ਚੁਕੇ ਸਨ, ਭੱਜ ਕੇ ਬੱਸ ਤੇ ਚੜ੍ਹ ਗਿਆ ਜਿਵੇਂ ਸਾਰੀ ਬੱਸ ਮੇਰੀ ਆਪਣੀ ਹੀ ਹੁੰਦੀ ਹੈ ਠੀਕ ਹੀ ਬੱਸ ਹੁਣ ਸਰਸੇ ਤਕ ਆਪਣੀ ਹੀ ਸੀ। ਜੇਬ ਵਿਚ ਨੋਟ ਜੁ ਆ ਗਏ ਸਨ।

ਬਸ ਚੱਲ ਪਈ ਤੇ ਮੈਂ ਹਜ਼ੂਰ ਨੂੰ ਨਮਸਕਾਰ ਕਰਨ ਤੋਂ ਲੈ ਕੇ ਹੁਣ ਤਕ ਵਾਪਰੀ ਘਟਨਾ ਦੀ ਫ਼ਿਲਮ ਨੂੰ ਅਖਾਂ ਮੀਟ ਕੇ ਦੇਖ ਰਿਹਾ ਸਾਂ।

((!!))




## ਗ਼ਜ਼ਲ

ਵੇਖੋ ਕਿੰਨੀ ਬਦਲ ਗਈ ਹੈ ਜੀਵਨ ਦੀ ਤਕਨੀਕ।
ਠੀਕ ਨੂੰ ਬਿਲਕੁਲ ਗ਼ਲਤ ਆਖਦੇ ਗਲਤ ਨੂੰ ਬਿਲਕੁਲ ਠੀਕ।

ਜਿਸ ਚਿਹਰੇ ਦੀ ਪੁਸਤਕ ਵਿਚੋਂ ਮੈਂ ਇਕ ਵਰਕਾ ਪੜ੍ਹਿਆ,
ਕੋਈ ਬੁਸ ਬੁਸ ਕਰਦਾ ਡਿੱਠਾ ਕੋਈ ਮਾਰਦਾ ਚੀਕ।

ਜਿਸ ਨੂੰ ਸਾਰੀ ਸ੍ਰਿਸ਼ਟੀ ਵਿਚੋਂ ਰੱਬ ਵਰਗਾ ਕੁਝ ਦਿੱਸੇ,
ਅਸਲੀ ਅਰਥਾਂ ਦੇ ਵਿਚ ਓਹੀ ਹੁੰਦਾ ਹੈ ਭਜਨੀਕ।

ਰਿਕਸ਼ੇ ਦੇ ਵਿਚ ਬੈਠੇ ਬੈਠੇ ਹਾਲ ਉਦ੍ਹਾ ਜਦ ਪੁਛਿਆ,
ਆਖਣ ਲੱਗਾ ਕੁਝ ਨਹੀਂ ਮੈਂ ਤਾਂ ਜ਼ਿੰਦਗੀ ਰਿਹਾ ਧਰੀਕ।

ਰੌਸ਼ਨੀਆਂ ਦੇ ਮਹਾਂਨਗਰ 'ਚ ਬੁੱਝਿਆ ਬੁੱਝਿਆ ਸੂਰਜ,
ਕਿੰਝ ਆਖਾਂ ਸੂਰਜ-ਬਸਤੀ ਦਾ ਮੈਂ ਵੀ ਹਾਂ ਵਸਨੀਕ।

ਬੜਾ ਠਿੱਠ ਜਿਹਾ ਹੋਇਆ ਰਾਹੀਂ ਆਏ ਵੇਖ ਪ੍ਰਾਹੁਣੇ,
ਬਟੂਏ ਨੂੰ ਹੱਥ ਲਾਇਆ ਕਹਿੰਦਾ ਅਜ ਹੈ ਤੇਈ ਤਰੀਕ।

ਤੁਸੀਂ ਕਹੋਗੇ ਐਵੇਂ ਹੀ ਇਹ 'ਚਰਨ' ਹੈ ਤੁਰਿਆ ਜਾਂਦਾ,
ਮੇਰੇ ਮਨ ਵਿਚ ਕੀ ਹੈ ਦੱਸੋ ? ਕੀ ਮੈਂ ਰਿਹਾ ਉਲੀਕ !

—ਚਰਨ ਸੀਚੇਵਾਲਵੀ
੪੨੯, ਗੁਰੂ ਨਾਨਕਪੁਰਾ (ਵੈਸਟ)
ਡਾਕਖਾਨਾ ਚੌਗਿੱਟੀ,
ਜਲੰਧਰ—੧੪੪੦੦੧



Sri Satguru Jagjit Singh Ji eLibrary NamdhariElibrary@gmail.com

# ਸਟੇਸ਼ਨ ਤੱਕ ਯਾਰੀ

—ਗੁਰਦੇਵ ਸਿੰਘ ਹੰਜਰਾ

ਸਕੂਲ ਵਿਚ ਦਸਵੀਂ ਗਿਆਰਵੀਂ ਕਲਾਸ ਤਕ ਕਈ ਪ੍ਰਕਾਰ ਦੀਆਂ ਯਾਤਰਾਵਾਂ ਪੜ੍ਹਦੇ, ਸੁਣਦੇ ਤੇ ਲਿਖਦੇ ਆਏ ਹਾਂ। ਰੇਲ ਯਾਤਰਾ, ਬੱਸ ਯਾਤਰਾ, ਕਈ ਮਨਭਾਉਂਦੀ ਯਾਤਰਾ। ਦੂਸਰੇ ਮੁਲਕਾਂ ਦੀ ਯਾਤਰਾ, ਵਪਾਰੀ ਬਣਦੇ ਰਿਸ਼ਤੇਦਾਰਾਂ ਨੂੰ ਮਿਲਣ ਗੁਰਦਵਾਰੇ ਤੇ ਮੰਦਰਾਂ ਦੀ ਯਾਤਰਾ ਜਿਹੜੇ ਪਾਕਿਸਤਾਨ ਵਿਚ ਰਹਿ ਗਏ ਨੇ ਤੇ ਕਈ ਪਹਾੜੀ ਇਲਾਕਿਆਂ ਦੀ ਯਾਤਰਾ ਆਦਿ। ਅਜ ਮੈਂ ਇਕ ਨਿਵੇਕਲੀ ਯਾਤਰਾ ਬਾਰੇ ਲਿਖਣ ਦਾ ਮਨ ਬਨਾਇਆ ਏ।

ਚੇਤਰ ਦੀ ਸੰਗਰਾਂਦ ਦਾ ਦਿਨ ਸੀ। ਸ੍ਰੀਮਤੀ ਜੀ ਕਹਿਣ ਲਗੇ ਚਲੋ ਜੀ ਗੁਰਦਵਾਰੇ ਦਾ ਸਮਾਂ ਹੋ ਗਿਆ ਏ। ਮੈਂ ਕਿਹਾ ਸੰਨੀ, ਕੀਨੂੰ (ਪੋਤਾ, ਪੋਤੀ) ਨੂੰ ਤਿਆਰ ਕਰੋ ਅੱਜ ਸਕੂਲੋਂ ਛੁਟੀ ਏ ਨਾਲ ਲੈ ਚਲੀਏ। ਮੈਂ ਸੋਚਿਆ ਇਹਨਾਂ ਦੇ ਤਿਆਰ ਹੋਣ ਤਕ ਮੈਂ ਰੌਸ਼ਨਦਾਨ ਵਿਚ ਗੱਤਾ ਲਾ ਦਿਆਂ, ਚਿੜੀਆਂ ਗੰਦ ਪੌਂਦੀਆਂ ਨੇ ਕੱਖ ਲਿਆ ਕੇ ਆਲ੍ਹਣੇ ਬਣਾ ਰਹੀਆਂ ਨੇ। ਸਟੀਲ ਦੀ ਪੌੜੀ ਫੜ ਦੀਵਾਰ ਨਾਲ ਲਾ ਕੇ ਰੌਸ਼ਨਦਾਨ ਵਿਚ ਗੱਤਾ ਰਖ ਈ ਰਿਹਾ ਸਾਂ ਕਿ ਪੌੜੀ ਫਰਸ਼ ਤੋਂ ਸਲਿਪ ਕਰ ਗਈ ਤੇ ਪਤਾ ਈ ਨਹੀਂ ਲਗਾ ਕਦੋਂ ਸਣੇ ਪੌੜੀ ਧੜੱਮ ਥੱਲੇ। ਖੜਾਕ ਸੁਣ ਕੇ ਸ੍ਰੀਮਤੀ ਜੀ ਭੱਜ ਕੇ ਆਈ ਤੇ ਕਹਿਣ ਲੱਗੀ ਕੀ ਹੋ ਗਿਆ ਉਠੋ, ਮੈਂ ਕਿਹਾ ਠਹਿਰੋ ਮੈਥੋਂ ਉਠਿਆ ਨਹੀਂ ਜਾਂਦਾ। ਖੱਬੇ ਪੈਰ ਦੀ ਅੱਡੀ ਭਾਰ ਡਿਗਣ ਨਾਲ ਗਿਟੇ ਠੁਕ ਗਏ ਸੀ, ਪੈਰ ਨੂੰ ਸੋਜ ਪੈਣੀ ਸ਼ੁਰੂ ਹੋ ਗਈ ਸੀ। ਦਰਦ ਨਾਲ ਉਠਣ ਦੀ ਹਿੰਮਤ ਨਹੀਂ ਸੀ। ਜਿਗਰਾ ਕਰਕੇ ਪੰਜ ਛੇ ਮਿੰਟਾਂ ਪਿਛੋਂ ਮੰਜੇ ਨੂੰ ਹੱਥ ਪਾ ਕੇ ਉਠਿਆ ਤੇ ਮੰਜੇ ਤੇ ਬੈਠ ਗਿਆ।

ਸਾਡੇ ਗੁਰਦਵਾਰੇ ਸਾਹਿਬ ਭਾਈ ਦਲੇਰ ਸਿੰਘ ਜੀ "ਜੋਸ਼" ਕਥਾ ਕਰਦੇ ਨੇ ਤੇ ਉਹ ਕਹਿੰਦੇ ਹੁੰਦੇ ਨੇ ਪ੍ਰਮਾਤਮਾ ਹਰ ਥਾਂ ਵੱਸਦਾ ਏ, ਜੀਵ ਜੰਤੂ ਤੇ ਬਨਾਸਪਤੀ ਵਿਚ, ਜੇ ਕੋਈ ਕਿਸੇ ਦਾ ਦਿਲ ਦੁਖਾਏ ਤਾਂ ਪਰਮੇਸ਼ਵਰ ਨੂੰ ਨਰਾਜ਼ ਕਰਨਾ ਹੁੰਦਾ ਏ। ਮੈਂ ਸੋਚ ਰਿਹਾ ਸੀ ਕਿ ਚਿੜੀਆਂ ਦਾ ਦਿਲ ਦੁਖਾਇਆ ਪਰਮਾਤਮਾ ਨੂੰ ਚੰਗਾ ਨਹੀਂ ਲੱਗਾ ਤਾਂ ਈ ਸੱਟ ਲੱਗੀ ਏ। ਪਰ "ਅਬ ਪਛਤਾਏ ਕਿਆ ਹੋਤ ਜੱਬ ਚਿੜੀਆਂ ਚੁਗ ਗਈ ਖੇਤ।"

ਲੜਕਾ ਤੇ ਬਹੂ ਰਾਣੀ ਇਕ ਦਿਨ ਪਹਿਲਾਂ ਅੰਮ੍ਰਿਤਸਰ ਕਿਸੇ ਰਿਸ਼ਤੇਦਾਰੀ ਦੇ ਕੰਮ ਕਰਕੇ ਗਏ ਸੀ ਤੇ ਰਾਤੀਂ ਫੋਨ ਆ ਗਿਆ ਸੀ ਕਿ ਅਸੀਂ ਫਤਹਿ ਗੜ੍ਹ ਚੂੜੀਆਂ ਜਾ ਰਹੇ ਹਾਂ ਕਲ੍ਹ ਨੂੰ ਸਵੱਖਤੇ ਈ ਅੱਪੜ ਜਾਵਾਂਗੇ।

ਮੈਂ ਅਜੇ ਸੋਚ ਈ ਰਿਹਾ ਸਾਂ ਕਿ ਹੁਣ ਕੀ ਕੀਤਾ ਜਾਵੇ ਏਨੇ ਨੂੰ ਉਹ ਅਪੜ ਗਏ। ਲੜਕੇ ਨੇ ਸਕੂਟਰ ਸਟਾਰਟ ਕੀਤਾ ਤੇ ਮੈਂ ਕਿਹਾ ਮਿਲਟਰੀ ਹਸਪਤਾਲ ਨੂੰ ਲੈ ਚਲ। ਖਿਆਲ ਸੀ ਕਿ ਡਾਕਟਰ ਪੱਟੀ ਜਾਂ ਪਲਸਤਰ ਲਾ ਕੇ ਛੁੱਟੀ ਦੇ ਦੇਣਗੇ ਤੇ ਘਰ ਆ ਜਾਵਾਂਗੇ ਪਰ ਉਹਨਾਂ ਨੇ ਉਥੇ ਦਾਖਲ ਕਰ ਲਿਆ। ਸ਼ਾਮ ਨੂੰ ਐਕਸਰੇ ਕੀਤਾ ਤੇ ਅਗਲੇ ਦਿਨ ਪਲਸਤਰ ਜੜ ਦਿਤਾ ਗਿਆ ਕਿਉਂਕਿ ਅੱਡੀ ਦੀ ਹੱਡੀ ਫਰੈਕਚਰ ਹੋ ਚੁਕੀ ਸੀ।

ਜੇ. ਸੀ. ਓ. ਵਾਰਡ ਜਿਹੜਾ ਕਿ ਹਸਪਤਾਲ ਦੀ ਦੂਸਰੀ ਮੰਜ਼ਲ ਤੇ ਹੈ, ਇਕ ਕਮਰੇ ਵਿਚ ਬੈਡ ਮਿਲ ਗਿਆ ਸੀ ਤੇ ਡਾਕਟਰ (ਕਰਨਲ ਜੋਸ਼ੀ) ਨੇ ਹਦਾਇਤ ਕੀਤੀ ਕਿ ਮੰਜੇ ਤੋਂ ਥਲੇ ਨਹੀਂ ਉਤਰਨਾ, ਚਲਨਾ ਫਿਰਨਾ ਬੰਦ। ਹਰ ਚੀਜ ਮੰਜੇ ਤੇ ਈ ਮਿਲ ਜਾਂਦੀ ਸੀ ਉਤਰਨ ਦੀ ਲੋੜ ਵੀ ਨਹੀਂ ਸੀ ਪਈਂਦੀ।

ਇਕ ਕਮਰੇ ਵਿਚ ਚਾਰ ਬੈਡ ਸਨ ਏਸੇ ਤਰ੍ਹਾਂ ਸਾਰਿਆਂ ਕਮਰਿਆਂ ਵਿਚ ਕੋਈ ਪੱਚੀ, ਤੀਹ ਜੇ. ਸੀ. ਓ. (ਸੂਬੇਦਾਰ) ਸਨ। ਮੇਰੇ ਨਾਲ ਖੱਬੇ ਪਾਸੇ ਸੂਬੇਦਾਰ ਜਗਜੀਤ ਸਿੰਘ ਦਾ ਬਿਸਤਰਾ ਸੀ। ਉਹ ਉਨੀ ਸੌ ਛਿਆਠ ਵਿਚ ਏ. ਐਸ. ਸੀ. ਵਿਚੋਂ ਪੈਨਸ਼ਨ ਆਏ ਸੀ ਤੇ ਨਾਲੇ ਬੋਰਡ ਦੀ ਪੈਨਸ਼ਨ ਵੀ ਲਗੀ ਹੋਈ। ਦਸਾਂ ਸਾਲਾਂ ਪਿਛੋਂ ਫੇਰ ਬੋਰਡ ਦੀ ਚੈੱਕ ਅੱਪ ਵਾਸਤੇ ਆਏ ਸੀ। ਲੁਧਿਆਣੇ ਰਹਿਣ ਵਾਲੇ ਬੜੇ ਮਜ਼ਾਕੀਆ ਕਿਸਮ ਦੇ ਤਜਰਬੇਕਾਰ। ਗੱਲਾਂ ਸੁਣਾ ਕੇ ਬਹੁਤ ਖੁਸ਼ ਰਖਦੇ ਸੀ ਸਾਰਿਆਂ ਨੂੰ। ਉਹਨਾਂ ਦੀਆਂ ਗਲਾਂ ਸੁਣਨ ਦਾ ਬਹੁਤ ਮਜ਼ਾ ਆਉਂਦਾ ਸੀ। ਉਹਨਾਂ ਦੇ ਸਾਹਮਣੇ ਸੂਬੇਦਾਰ ਬੀ. ਕੇ. ਭਾਰਦਵਾਜ ਡੋਗਰਾ ਪਲਟਨ ਵਿਚ ਮੰਦਰ ਦੇ ਪੁਜਾਰੀ ਸਨ। ਉਹਨਾਂ ਕੋਲ ਕਾਫੀ ਆਵਾ-ਜਾਈ ਲਗੀ ਰਹਿੰਦੀ ਸੀ। ਹੁਸ਼ਿਆਰਪੁਰ ਬੱਸ ਅੱਡੇ ਤੇ ਪੈਰ ਨੂੰ ਠੇਡਾ ਲਗਾ ਤੇ ਡਿਗ ਪਏ। ਬਸ ਚੜ੍ਹਨ ਲਗਿਆਂ ਚਿਡ



Sri Satguru Jagjit Singh Ji eLibrary NamdhariElibrary@gmail.com

ਪਰਨੇ ਡਿਗੇ ਤੇ ਸੱਜੇ ਗੋਡੇ ਦੀ ਚੱਪਨੀ ਤੋਂ ਉਪਰ ਪੱਟ ਦੀ ਹੱਡੀ ਟੁੱਟ ਗਈ। ਸਾਢੇ ਤਿੰਨ ਮਹੀਨੇ ਹੋ ਗਏ ਸੀ ਹਸਪਤਾਲ ਵਿਚ ਆਇਆਂ ਹੁਣ ਵੈਸਾਖੀਆਂ ਨਾਲ ਤੁਰਦੇ ਸੀ। ਮੇਰੇ ਸਾਹਮਣੇ ਵਾਲੇ ਬਿਸਤਰੇ ਤੇ ਸੂਬੇਦਾਰ ਮਦਨ ਮਿਸ਼ਰਾ ਜੀ ਸਨ ਏ. ਐਮ. ਸੀ. ਦੇ, ਤੇ ਏਥੇ ਮਿਲਟਰੀ ਹਸਪਤਾਲ ਵਿਚ ਈ ਸਰਵਿਸ ਕਰਦੇ ਨੇ। ਲਖਨਊ ਤੋਂ ਛੁਟੀ ਕਟ ਕੇ ਜਲੰਧਰ ਛਾਉਣੀ ਜਦੋਂ ਟਰੇਨ ਤੋਂ ਉਤਰਣ ਲਗੇ ਤਾਂ ਪਲੇਟ ਫਾਰਮ ਵਿਚ ਡਿਗ ਪਏ ਰੇਲਵੇ ਲਾਈਨ ਨਾਲ ਬੇਹੋਸ਼ ਪਏ ਰਹੇ। ਦੋ ਗੱਡੀਆਂ ਕੋਲ ਦੀ ਲੰਘ ਗਈਆਂ ਪੈਰਾਂ ਤੋਂ ਸਿਰ ਤਕ ਸੱਟਾਂ ਲੱਗੀਆਂ। ਲੋਕਾਂ ਨੇ ਵੇਖਿਆ...ਮਿਲਟਰੀ ਹਸਪਤਾਲ ਪੁਚਾਇਆ। ਇਹ ਉਹਨਾਂ ਦਾ ਦੂਸਰਾ ਜਨਮ ਈ ਸੀ। ਚਾਰ ਕੁ ਮਹੀਨੇ ਹੋ ਗਏ ਸੀ ਹਸਪਤਾਲ ਵਿਚ। ਹੁਣ ਸਿਰਫ ਸੱਜੀ ਬਾਂਹ ਤੇ ਪਲਸਤਰ ਸੀ ਤੇ ਥੋੜ੍ਹਾ ਲੰਙਾ ਕੇ ਤੁਰਦੇ ਸੀ, ਬਾਕੀ ਠੀਕ ਹੋ ਗਏ ਸੀ।

ਦੂਸਰੇ ਕਮਰੇ ਵਿਚ ਸੂਬੇਦਾਰ ਗੁਰਬਚਨ ਸਿੰਘ ਹੋਰੀਂ ਸਾਈਕਲ ਤੋਂ ਡਿਗ ਕੇ ਚੂਕਨਾ ਤੁੜਵਾ ਕੇ ਆਏ ਹੋਏ ਸਨ ਤੇ ਪਹੀਆਂ ਵਾਲੀ ਕੁਰਸੀ ਤੇ ਏਧਰ ਓਧਰ ਜਾਂਦੇ ਸਨ। ਉਹ ਤੋਪਖਾਨੇ ਵਿਚ ਗਰੰਥੀ ਸਨ। ਉਹਨਾਂ ਨੂੰ ਕਵਿਤਾ ਤੇ ਇਤਿਹਾਸ ਸੁਨਾਉਣ ਦਾ ਬੜਾ ਸ਼ੌਕ ਸੀ...ਮੇਰੇ ਕੋਲ ਰਿੜ੍ਹਕੇ ਕਦੀ ਕਦੀ ਆ ਜਾਂਦੇ ਕਵਿਤਾ ਆਦਿ ਸੁਣਾਉਂਦੇ ਰਹਿੰਦੇ।

ਹੋਰ ਨਾਲਦਿਆਂ ਕਮਰਿਆਂ 'ਚੋਂ—ਐਚ. ਐਸ. ਐਲ. ਟੀ. ਨੇਵੀ ਦੇ ਠਾਕੁਰ ਸਿੰਘ ਜੁਗਿਆਲ ਪਿੰਡ ਗੁਰਦਾਸਪੁਰ, ਨਾਇਬ ਸੂਬੇਦਾਰ ਲਛਮਣ ਸਿੰਘ ਜਲੰਧਰ, ਚੌਬ ਸਿੰਘ ਰਿਸਾਲਦਾਰ ਯੂ ਪੀ., ਨਾਇਬ ਸੂਬੇਦਾਰ ਅਮੀ ਚੰਦ ਤੋਪਖਾਨੇ ਦੇ, ਜੇ.ਡਬਲਯੂ.ਓ. ਯੂ.ਪੀ. ਦੇ ਰਹਿਣ ਵਾਲੇ—ਵੀ ਪੰਡਤ ਜੀ ਕੋਲ ਤਾਸ਼ ਖੇਡਣ ਸਾਡੇ ਕਮਰੇ ਵਿਚ ਆਮ ਤੌਰ ਤੇ ਆਉਂਦੇ ਵੇਹਲੇ ਵਕਤ, ਤੇ ਹੱਸ ਖੇਡਕੇ ਵਕਤ ਪੂਰਾ ਕਰਦੇ।

ਵਖੋ ਵਖ ਬੀਮਾਰੀਆਂ ਦੇ ਮਰੀਜ਼ ਇਕੱਠੇ ਹੋਏ ਸੀ, ਕੋਈ ਹਾਜ਼ਰ ਨੌਕਰੀ ਵਾਲਾ ਤੇ ਕੋਈ ਰੀਟਾਇਰਡ। ਪਰ ਇਸ ਤਰ੍ਹਾਂ ਮਿਲ ਮਿਲਾਕੇ ਰਹਿੰਦੇ ਸੀ ਜਿਸ ਤਰ੍ਹਾਂ ਇਕ ਈ ਪਲਟਨ ਦੇ ਹੋਣ। ਹਾਲਾਂਕਿ ਕੋਈ ਕਿਸੇ ਫਿਰਕੇ ਦਾ ਕੋਈ ਕਿਸੇ ਦਾ, ਕੋਈ ਕਿਸੇ ਸੂਬੇ ਦਾ ਤੇ ਵਖੋ ਵਖਰੇ ਮਹਿਕਮਿਆਂ ਦੇ।

ਅੱਜ ਹਰ ਜ਼ਬਾਨ ਤੋਂ ਇਹੋ ਸੁਣੀਂਦਾ ਏ ਕਿ ਦੁਨੀਆਂ ਵਿਚ ਪਿਆਰ ਨਹੀਂ ਰਿਹਾ, ਲਹੂ ਸਫ਼ੇਦ ਹੋ ਗਿਆ ਏ। ਕੋਈ ਕਹਿੰਦਾ—ਜੀ ਹੁਣ ਸਮਾਂ ਈ ਏਹੋ ਜਿਹਾ ਆ ਗਿਆ ਏ, ਦੁਨੀਆ ਮਤਲਬ ਦੀ ਹੋ ਗਈ ਏ। ਕੋਈ ਆਖਦਾ—ਯੂਰਪ ਦੀ ਨਕਲ ਹੋ ਗਈ ਏ, ਆਪਣੀ ਸਭਿਅਤਾ ਸਾਰੇ ਭੁਲ ਗਏ ਨੇ, ਭਰਾ ਭਰਾ ਦਾ ਨਹੀਂ, ਪੁੱਤ ਪਿਓ ਦੀ ਇੱਜ਼ਤ ਨਹੀਂ ਕਰਦਾ, ਰਿਸ਼ਤੇਦਾਰੀਆਂ ਫਿੱਕੀਆਂ ਪੈ ਗਈਆਂ ਨੇ, ਜੋ ਮੂੰਹ ਵਿਚ ਆਉਂਦਾ ਆਖਦੇ ਨੇ। ਕਿਸੇ ਹੱਦ ਤੱਕ ਹੈ ਵੀ ਠੀਕ। ਪਰ ਫ਼ੌਜ ਵਿਚ ਵੇਖਿਆ ਏ ਅਜੇ ਇਨਸਾਨੀਅਤ, ਪਿਆਰ, ਇੱਜ਼ਤ ਹੈ। ਫ਼ੌਜੀਆਂ ਬਾਰੇ ਇਕ ਗੱਲ ਮਸ਼ਹੂਰ ਏ ਕਿ ਫੌਜੀ ਦੀ ਯਾਰੀ ਸਟੇਸ਼ਨ ਤਕ ਹੁੰਦੀ ਏ। ਫੌਜੀ ਹਿਸਾਬ ਨਾਲ ਸਟੇਸ਼ਨ ਦੇ ਦੋ ਮਤਲਬ ਨੇ ਇਕ ਤਾਂ ਰੇਲਵੇ ਸਟੇਸ਼ਨ ਤੇ ਦੂਸਰਾ ਜਿਹੜੇ ਸਟੇਸ਼ਨ (ਸ਼ਹਿਰ—ਜਗ੍ਹਾ) ਤੇ ਕੋਈ ਫੌਜੀ ਰਹਿੰਦੇ ਹੋਣ। ਜਦੋਂ ਕੋਈ ਫੌਜੀ ਵਿਦਾ ਹੁੰਦਾ ਏ ਕਿਸੇ ਦੂਸਰੀ ਥਾਂ ਤੇ ਤਾਂ ਉਹਦੀ ਵੇਰ ਮਿਲਣ ਦੀ ਉਮੀਦ ਘਟ ਹੁੰਦੀ ਏ ਕਿਉਂਕਿ ਪਤਾ ਨਹੀਂ ਭੌਂਕੇ ਉਸੇ ਸਟੇਸ਼ਨ ਤੇ ਆਉਣਾ ਏ ਜਾਂ ਨਹੀਂ। ਆ ਵੀ ਜਾਵੇ ਤਾਂ ਜਿਨ੍ਹਾਂ ਨਾਲ ਯਾਰੀ ਸੀ ਉਹ ਉਥੇ ਹੋਣਗੇ ਕਿ ਨਹੀਂ। ਸੋ ਭਾਵੇਂ ਉਹ ਰੇਲਵੇ ਸਟੇਸ਼ਨ ਤੋਂ ਵਿਛੜੇ ਤੇ ਭਾਵੇਂ ਰਹਿਣ ਵਾਲੇ ਸਟੇਸ਼ਨ ਤੋਂ ਯਾਰੀ ਉਥੋਂ ਤੱਕ ਈ ਹੁੰਦੀ ਏ।

ਜਿਸ ਕਿਸੇ ਦੀ ਹਸਪਤਾਲ ਦੀ ਯਾਤਰਾ ਸਮਾਪਤ ਹੁੰਦੀ ਆਪਨੇ ਕਾਗਜ਼ ਲਈਂਦਾ, ਸਾਮਾਨ ਸਟੋਰ ਕੀਪਰ ਨੂੰ ਸੰਭਾਲਦਾ ਤੇ ਨਾਲ ਦਿਆਂ ਨੂੰ ਰਾਮ ਰਾਮ, ਸਤ ਸ੍ਰੀ ਅਕਾਲ ਕਹਿਕੇ ਤੁਰਦਾ ਬਣਦਾ। ਕਿਸੇ ਨੂੰ ਰੇਲਵੇ ਸਟੇਸ਼ਨ ਪੁਚਾਇਆ ਜਾਂਦਾ, ਕਿਸੇ ਨੂੰ ਬੱਸ ਸਟੈਂਡ ਤੇ, ਕੋਈ ਆਪਣੇ ਬੰਦੋਬਸਤ ਤੇ, ਰਿਕਸ਼ੇ, ਟੈਂਪੂ ਦੀ ਸਵਾਰੀ ਦਾ ਗੇਟ ਤੋਂ ਪਰਬੰਧ ਕਰ ਲੈਂਦਾ। ਕਈਆਂ ਦੇ ਰਿਸ਼ਤੇਦਾਰ ਲੈਣ ਆਏ ਹੁੰਦੇ। ਮੈਂਨੂੰ ਵੀ ਹਫਤੇ ਪਿਛੋਂ ਛੁਟੀ ਮਿਲੀ ਲੜਕਾ ਲੈਣ ਆਇਆ ਹੋਇਆ ਸੀ, ਪਹੀਆਂ ਵਾਲੀ ਕੁਰਸੀ ਤੇ ਬਿਠਾ ਕੇ ਲਿਫਟ ਥਾਣੀ ਥਲੇ ਆਏ, ਗੇਟ ਤੇ ਸਕੂਟਰ ਖੜਾ ਸੀ ਸਟਾਰਟ ਕੀਤਾ ਤੇ ਘਰ ਆ ਗਏ ਹਸਪਤਾਲ ਦੀ ਯਾਤਰਾ ਸਮਾਪਤ ਹੋ ਗਈ ਫੌਜੀ ਦੀ ਸਟੇਸ਼ਨ ਤੱਕ ਯਾਰੀ ਦੀ ਕਹਾਵਤ ਵੀ ਪੂਰੀ ਹੋ ਗਈ।

.੨੯ ਗੁਰਜੀਤ ਨਗਰ
ਜਲੰਧਰ



Sri Satguru Jagjit Singh Ji eLibrary NamdhariElibrary@gmail.com

ਮਿੰਨੀ ਕਹਾਣੀ ਸੰਗ੍ਰਹਿ

# ਜ਼ਮੀਨ ਤੇ ਜਵਾਨੀ

—ਬਲਬੀਰ ਪਰਵਾਨਾ

ਸਫੇ : ੮੦, ਮੁੱਲ : ੮ ਰੁਪਏ

ਜ਼ਿੰਦਗੀ ਪ੍ਰਕਾਸ਼ਨ, ਚਨੌਰ (ਹੁਸ਼ਿਆਰਪੁਰ)

ਮਿੰਨੀ ਕਹਾਣੀ ਰੂਪ ਦੀ ਪਰਮਾਣਿਕਤਾ ਅਤੇ ਮਾਨਤਾ ਬਾਰੇ ਆਲੋਚਕ ਇਕ ਰਾਏ ਹੋਣ ਜਾਂ ਨਾ ਹੋਣ, ਪਰ ਸਾਹਿਤ ਦੇ ਇਸ ਤੇਜ਼ ਤਰਾਰੀ ਪਰਕਿਰਤੀ ਵਾਲੇ ਸਾਹਿਤ ਰੂਪ ਦਾ ਪ੍ਰਭਾਵ ਅਤੇ ਪਛਾਣ ਇਸ ਸਾਹਿਤ ਰੂਪ ਨੂੰ ਅਪਣਾ ਕੇ ਕਾਰਜਸ਼ੀਲ ਹੋਏ ਸਾਹਿਤਕਾਰਾਂ ਦੀ ਸੁਹਿਰਦਤਾ ਅਤੇ ਕਲਾਤਮਿਕ ਪੇਸ਼ਕਾਰੀ ਨੇ ਨਿਰਧਾਰਤ ਕਰਨੀ ਹੈ। ਉਂਝ ਵੀ ਸਾਹਿਤ-ਰੂਪਾਂ ਦਾ ਨਿਕਾਸ ਅਤੇ ਵਿਕਾਸ ਕਦੇ ਵੀ ਵਿਵਾਦ-ਮੁਕਤ ਨਹੀਂ ਹੋਇਆ ਅਤੇ ਨਾ ਹੀ ਹੋ ਸਕਦਾ ਹੈ। ਇਸ ਬਹਿਸ ਵਿਚ ਨਾ ਪੈਂਦਿਆਂ ਬਲਬੀਰ ਪਰਵਾਨਾ ਦੀ ਨਵ-ਪ੍ਰਕਾਸ਼ਿਤ ਮਿੰਨੀ ਕਹਾਣੀਆਂ ਦੀ ਪੁਸਤਕ 'ਜ਼ਮੀਨ ਤੇ ਜਵਾਨੀ' ਦੇ ਪਾਠ ਵਿਚੀਂ ਗੁਜ਼ਰਿਆਂ ਹੀ ਇਸ ਪੁਸਤਕ ਦੀ ਪ੍ਰਕਿਰਤੀ ਤਕ ਪਹੁੰਚਿਆ ਜਾ ਸਕਦਾ ਹੈ।

ਪਰਵਾਨਾ ਜੀਵਨ ਦੇ ਨਿਤ-ਦਿਨ ਫੈਲਦੇ ਪਾਸਾਰਾਂ ਨੂੰ ਬੜੀ ਨੀਝ ਨਾਲ ਵੇਖਦਾ ਅਤੇ ਉਨ੍ਹਾਂ ਦੀਆਂ ਅਸਲ ਪਰਤਾਂ ਨੂੰ ਉਘਾੜਦਾ ਜਾਪਦਾ ਹੈ। ਓਪਰੀ ਨਜ਼ਰੇ ਮਾਨਵੀ ਰਿਸ਼ਤਿਆਂ ਦਾ ਦਿਖਾਈ ਦਿੰਦਾ ਸੱਚ, ਜੀਵਨ ਪ੍ਰਸਥਿਤੀਆਂ ਦੇ ਧੁਰ ਅੰਦਰ ਛੁਪਿਆ ਅਸੱਚ ਹੈ ਜਿਸ ਨੂੰ ਰਚੇਤਾ ਨੇ ਪਛਾਣਿਆ ਅਤੇ ਪ੍ਰਸਤੁਤ ਕੀਤਾ ਹੈ। ਇਸ ਪੁਸਤਕ ਵਿਚ ਕਿਸੇ ਨਾ ਕਿਸੇ ਮਜਬੂਰੀ ਵੱਸ, ਹਰ ਆਦਮੀ ਰਿਸ਼ਤਿਆਂ ਦੇ ਸਮਾਜਿਕ ਚੌਖਟੇ ਵਿਚ ਜਿਉਂਦਾ ਹੋਇਆ ਵੀ ਚੌਖਟਿਆਂ ਨੂੰ ਤੋੜਦਾ ਤੇ ਕਿਵੇਂ ਮਖੌਟਿਆਂ ਦੀ ਵਰਤੋਂ ਕਰਨ ਵਿਚ ਕਾਮਯਾਬੀ ਹਾਸਲ ਕਰਦਾ ਹੈ ਇਸ ਦਾ ਪਰਮਾਣ ਬਲਬੀਰ ਪਰਵਾਨਾ ਦੀਆਂ ਅਨੇਕਾਂ ਕਹਾਣੀਆਂ (ਬੀਤਿਆਂ ਹੋਇਆ ਅਤੀਤ, ਪੰਨਾ ੧੦, ਦਿਨ ਰਾਤ ਦਾ ਰਿਸ਼ਤਾ ਪੰਨਾ ੧੫, ਅਣਖ, ਪੰਨਾ ੨੦, ਰੋਜ਼ਗਾਰ, ਪੰਨਾ ੨੦-੨੧, ਸ਼ਹਿਰ ਅਤੇ ਜ਼ਿੰਦਗੀ, ਪੰਨਾ ੬੭-੬੮) ਵਿਚੋਂ ਪ੍ਰਤੱਖ ਦਿਖਾਈ ਦਿੰਦਾ ਹੈ।

ਮਖੌਟੇ ਇਨ੍ਹਾਂ ਪਾਤਰਾਂ ਦੀ ਮਜਬੂਰੀ ਵਿਚੋਂ ਨਿਕਲੀਆਂ ਮਾਨਵੀ ਸਮਾਜ ਦੀਆਂ ਉਹ ਜੁਗਤਾਂ ਹਨ ਜਿਹੜੀਆਂ ਸਮਾਜਿਕ ਮਾਨਤਾ ਪ੍ਰਾਪਤ ਨਹੀਂ ਪਰ ਵਿਅਕਤੀ-ਵਿਸ਼ੇਸ਼ ਇਨ੍ਹਾਂ ਨੂੰ ਨਿਭਾ ਕੇ ਸਵੈ ਦੀ ਅਤ੍ਰਿਪਤੀ ਨੂੰ ਦੂਰ ਕਰਦਾ ਹੈ। ਇਹ ਸਵੈ ਦੀਆਂ ਅਕਾਂਖਿਆਵਾਂ ਇਨ੍ਹਾਂ ਪਾਤਰਾਂ ਨੂੰ ਮਜਬੂਰ ਕਰਦੀਆਂ ਹਨ ਕਿ ਇਨ੍ਹਾਂ ਮਖੌਟਿਆਂ ਨੂੰ ਨਿਭਾਉਂਦੇ ਤੁਰੇ ਜਾਣ ਤੇ ਸਮਾਜਿਕ ਪ੍ਰਬੰਧ ਵਿਚ ਸਥਾਪਿਤ ਰਿਸ਼ਤਿਆਂ ਦਾ ਅਸੱਚ ਸੱਚ ਬਣਿਆ ਰਹੇ। ਪਰਵਾਨਾ ਦੇ ਪਾਤਰ ਜ਼ਿੰਦਗੀ ਦਾ ਵਿਦਰੋਹ ਕਰਦੇ ਨਹੀਂ ਜਾਪਦੇ, ਸਗੋਂ ਚੁੱਪ-ਚਾਪ ਅਚੇਤ ਤੁਰੇ ਜਾਣਾ, ਇਨ੍ਹਾਂ ਪਾਤਰਾਂ ਦੀ ਜੀਵਨ-ਜਾਚ ਪ੍ਰਸਤੁਤ ਹੋ ਰਹੀ ਹੈ। ਪਰ ਕਿਤੇ-ਕਿਤੇ ਵਿਦਰੋਹ ਦੀ ਥਾਂ ਰੋਹ ਦੀ ਹਲਕੀ ਸੁਰ ਦਿਖਾਈ ਦਿੰਦੀ ਹੈ। ਸੰਪਾਦਕ ਤੇ ਸੰਪਾਦਕੀ, ਪੰਨਾ ੬੦, ਲਹਿਰਾਂ ਤੇ ਜ਼ਿੰਦਗੀ, ਪੰਨਾ ੫੧-੫੨)।

ਆਰਥਿਕ ਪੱਖੋਂ ਦਿਨੋ-ਦਿਨ 'ਬੈਂਕ ਦੀ ਕਿਸ਼ਤ' ਦਾ 'ਮਾਤਮ' 'ਫਸਲ ਦਰ ਫਸਲ' 'ਜ਼ਮੀਨ ਤੇ ਜਵਾਨੀ' ਨੂੰ ਨਿਘਾਰ ਵੱਲ ਖਿੱਚੀ ਤੁਰੀ ਜਾ ਰਿਹਾ ਹੈ। ਪਰਵਾਨਾ ਦੇ ਪਾਤਰ ਆਰਥਿਕ ਪੱਖੋਂ ਨਿਘਰਦੀ ਜਾ ਰਹੀ ਜ਼ਿੰਦਗੀ ਤੋਂ ਸੁਚੇਤ ਤਾਂ ਜਾਪਦੇ ਹਨ ਪਰ ਰਵਾਇਤ ਰੂਪੀ 'ਅੰਨੀ ਗਲੀ ਦੀ ਦੌੜ' ਇਨ੍ਹਾਂ ਪਾਤਰਾਂ ਦੀ ਹੋਣੀ ਬਣੀ ਹੋਈ ਹੈ।

ਇਸ ਹੋਣੀ ਦੇ ਬਾਵਜੂਦ ਇਨ੍ਹਾਂ ਕਹਾਣੀਆਂ ਦਾ ਸਮੁੱਚਾ ਬਿੰਬ, ਜੀਵਨ ਦਾ ਅਜਿਹਾ ਸ਼ਾਬਦਿਕ ਅਕਸ ਹੈ ਜਿਸ ਵਿਚੋਂ ਪਾਠਕ ਸਵੈ ਦੇ ਨਕਸ਼ ਉਘਾੜ ਕੇ ਜ਼ਿੰਦਗੀ ਦੇ ਅਸਲ ਸੱਚ ਨੂੰ ਪਕੜਨ ਦੇ ਸਮਰੱਥ ਹੋ ਸਕਦਾ ਹੈ।

—ਉਮਿੰਦਰ ਜੌਹਲ


ਬਾਜ਼ਾਰ ਨਾਲੋਂ ਸਸਤੀ ਅਤੇ ਵਧੀਆ ਕੁਆਲਿਟੀ ਦੀ
ਹਰ ਕਿਸਮ ਦੀ ਲੱਕੜ ਵੇਚਣ ਵਾਲੇ

**ਦਲੀਪ ਸਿੰਘ ਪੂਰਨ ਸਿੰਘ ਸੱਗੂ**

ਟਿੰਬਰ ਮਰਚੈਂਟਸ

ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ

**Dalip Singh Puran Singh Saggu**

TIMBER MERCHANTS

Old Railway Road, JALANDHAR CITY

Phone : 58795





Sri Satguru Jagjit Singh Ji eLibrary NamdhariElibrary@gmail.com

## ਰੂਬਰੂ : ਵਰਿਆਮ ਸਿੰਘ ਸੰਧੂ

ਪਿਛਲੇ ਦਿਨੀਂ ਭਾਸ਼ਾ ਵਿਭਾਗ ਪੰਜਾਬ ਵਲੋਂ 'ਅਦਬੀ ਸਫਰ ਦੀ ਦਾਸਤਾਂ' ਅਧੀਨ ਜ਼ਿਲ੍ਹਾ ਭਾਸ਼ਾ ਦਫਤਰ ਜਲੰਧਰ ਵਿਚ ਪੰਜਾਬੀ ਦੇ ਪ੍ਰਸਿਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਨਾਲ ਇਕ ਮਿਲਣੀ ਦਾ ਆਯੋਜਨ ਕੀਤਾ ਗਿਆ। ਲੇਖਕਾਂ, ਪਾਠਕਾਂ ਤੇ ਵਿਦਿਆਰਥੀਆਂ ਦੀ ਭਰਪੂਰ ਸ਼ਮੂਲੀਅਤ ਵਾਲੇ ਇਸ ਪ੍ਰੋਗਰਾਮ ਵਿਚ ਵਰਿਆਮ ਸਿੰਘ ਸੰਧੂ ਨੇ ਜੀਵਨ ਅਤੇ ਰਚਨਾ ਸਬੰਧੀ ਆਪਣੇ ਵਿਚਾਰ ਬੜੇ ਭਾਵਪੂਰਤ ਢੰਗ ਨਾਲ ਪੇਸ਼ ਕੀਤੇ। ਉਪਰੰਤ ਪਾਠਕਾਂ ਵਲੋਂ ਪੁਛੇ ਗਏ ਸਵਾਲਾਂ ਦੇ ਲੰਮੇ ਸਿਲਸਿਲੇ ਵਿਚ ਉਨ੍ਹਾਂ ਦਸਿਆ ਕਿ ਅੱਜ ਉਹ ਇਸ ਮੁਕਾਮ 'ਤੇ ਆਪਣੀ ਮਿਹਨਤ ਸਦਕਾ ਪਹੁੰਚੇ ਹਨ ਤੇ ਉਨ੍ਹਾਂ ਨੂੰ ਪਾਠਕਾਂ ਤੇ ਆਲੋਚਕਾਂ ਵਲੋਂ ਥੋੜ੍ਹੇ ਕੀਤੇ ਦੀ ਵੀ ਭਰਪੂਰ ਸ਼ਲਾਘਾ ਮਿਲੀ ਹੈ। ਸਾਹਿਤ ਸਮਾਜਿਕ ਤਬਦੀਲੀ ਲਿਆਉਣ ਲਈ ਪਹਿਲਾ ਸਾਧਨ ਤਾਂ ਭਾਵੇਂ ਨਹੀਂ ਪਰ ਇਹ ਸਹਿਜ ਤੇ ਅਛੋਪਲੇ ਆਪਣਾ ਕਾਰਜ ਕਰਦਾ ਰਹਿੰਦਾ ਹੈ ਤੇ ਮਨੁਖ ਅੰਦਰੋਂ ਕੁਝ ਪੁਰਾਣਾ ਤੋੜ ਕੇ ਕੁਝ ਨਵਾਂ ਜੋੜ ਜਾਂਦਾ ਹੈ। ਵਰਿਆਮ ਸਿੰਘ ਸੰਧੂ ਦੀ ਪਤਨੀ ਸ੍ਰੀਮਤੀ ਰਜਵੰਤ ਕੌਰ ਨੂੰ ਜਦੋਂ ਸਮਾਗਮ ਵਿਚ ਕੁਝ ਬੋਲਣ ਲਈ ਕਿਹਾ ਗਿਆ ਤਾਂ ਉਨ੍ਹਾਂ ਨੇ ਬੜੀ ਦਿਲਚਸਪ ਟਿੱਪਣੀ ਕਰਦਿਆਂ ਕਿਹਾ, "ਜਿਥੇ ਕੱਚਾ ਮਾਲ ਵਧੇਰੇ ਤੇ ਨੇੜੇ ਹੋਵੇ ਉਥੇ ਹੀ ਵਧੇਰੇ ਉਦਯੋਗ ਉੱਨਤੀ ਕਰਦੇ ਹਨ। ਇੰਜ ਹੀ ਜੇ ਲੇਖਕ ਲਈ ਜੀਵਨ ਵਿਚੋਂ ਕੱਚਾ ਮਾਲ ਮੁਹੱਈਆ ਨਹੀਂ ਹੁੰਦਾ ਤਾਂ ਲੇਖਕ ਠੋਸ ਤੇ ਜਾਨਦਾਰ ਰਚਨਾ ਨਹੀਂ ਕਰ ਸਕਦਾ।" ਉਨ੍ਹਾਂ ਨੇ ਦਾਅਵਾ ਕੀਤਾ ਕਿ ਉਹ ਵੀ ਸੰਧੂ ਸਾਹਿਬ ਦੀਆਂ ਕਹਾਣੀਆਂ ਲਈ ਕੱਚਾ ਮਸਾਲਾ ਦੇ ਕੇ ਸੁਖਾਵਾਂ ਪਰਿਵਾਰਕ ਮਾਹੌਲ ਸਿਰਜ ਕੇ ਲਿਖਣ ਵਿਚ ਵਿੱਤ ਮੁਜਬ ਉਨ੍ਹਾਂ ਦੀ ਸਹਾਇਤਾ ਕਰਦੇ ਹਨ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਬੈਠੇ ਸ੍ਰੀ ਜਗਜੀਤ ਸਿੰਘ ਆਨੰਦ, ਜਗਦੀਸ਼ ਸਿੰਘ ਵਰਿਆਮ, ਜਗਦੀਸ਼ ਚੰਦਰ ਵੈਦਿਆ ਤੇ ਮਨਪ੍ਰੀਤ ਸਿੰਘ ਬੱਲ ਨੇ ਸ੍ਰੀ ਸੰਧੂ ਦੀ ਚੰਗੀ ਲਿਖਤ ਤੇ ਨਿੱਘੀ ਮੁਹੱਬਤੀ ਸ਼ਖਸੀਅਤ ਬਾਰੇ ਚਰਚਾ ਕੀਤੀ। ਪ੍ਰਸ਼ਨ-ਕਰਤਾਵਾਂ ਅਤੇ ਸਰੋਤਿਆਂ ਵਿਚ ਸਰਵ ਸ੍ਰੀ ਪਿਆਰਾ ਸਿੰਘ ਭੋਗਲ, ਪ੍ਰੋ. ਨਿਰੰਜਨ ਸਿੰਘ ਢੇਸੀ, ਡਾ: ਕੀਰਤੀ ਕੇਸਰ, ਗੁਰਬਖਸ਼ ਸਿੰਘ ਬੰਨੋਆਣਾ, ਹਰਨਾਮ ਦਾਸ ਸਹਿਰਾਈ, ਪ੍ਰੋ. ਗੁਰਲਾਲ ਸਿੰਘ, ਪ੍ਰੋ. ਡੀ. ਬੀ. ਰਾਏ, ਪ੍ਰੋ. ਜਾਗੀਰ ਕਾਹਲੋਂ, ਪ੍ਰੋ. ਹਰਬੰਸ ਬੋਲੀਨਾ, ਪ੍ਰੋ. ਕੁਲਬੀਰ ਸਿੰਘ, ਸਤਨਾਮ ਚਾਨਾ, ਨ. ਕ. ਜੋਸ਼ੀ, ਕਾ: ਹਰਦਿਆਲ ਸਿੰਘ ਤੇ ਗੁਰਮੀਤ ਦੇ ਨਾਂ ਵਰਨਣਯੋਗ ਹਨ। ਅੰਤ ਵਿਚ ਵਰਿਆਮ ਸੰਧੂ ਨੂੰ ਸ਼ਾਲ ਅਤੇ ਨਕਦ ਰਾਸ਼ੀ ਦੇ ਕੇ ਭਾਸ਼ਾ ਵਿਭਾਗ ਵਲੋਂ ਸਨਮਾਨਿਤ ਕੀਤਾ ਗਿਆ।

## ਤਿੰਨ ਵਾਰੀ ਤਲਾਕ ਕਹਿਣ ਬਾਰੇ ਸੋਧ ਕਰਨ 'ਤੇ ਜ਼ੋਰ

ਨਵੀਂ ਦਿੱਲੀ (ਯੂ. ਐਨ. ਆਈ.)—ਆਲ ਇੰਡੀਆ ਮੁਸਲਿਮ ਮਹਿਲਾ ਕਨਵੈਨਸ਼ਨ ਨੇ ਮੰਗ ਕੀਤੀ ਹੈ ਕਿ ਤਿੰਨ ਵਾਰੀ ਤਲਾਕ ਤਲਾਕ ਕਹਿਣ ਦੀ ਗੱਲ ਨੂੰ ਗੈਰ ਕਾਨੂੰਨੀ ਅਤੇ ਗਲਤ ਕਰਾਰ ਦਿਤਾ ਜਾਵੇ ਅਤੇ ਇਸ ਸਿਲਸਿਲੇ ਵਿਚ ਤੁਰੰਤ ਹੀ ਯੋਗ ਸੋਧ ਕੀਤੀ ਜਾਵੇ। ਕਨਵੈਨਸ਼ਨ, ਜਿਹੜੀ ਸੈਕੂਲਰ ਅਤੇ ਮੁਸਲਿਮ ਬੁੱਧੀਜੀਵੀਆਂ ਵਲੋਂ ਆਯੋਜਿਤ ਕੀਤੀ ਗਈ ਸੀ, ਨੇ ਮੁਸਲਿਮ ਔਰਤਾਂ ਦੀ ਭਲਾਈ ਲਈ ਕਈ ਪ੍ਰਸਤਾਵ ਪਾਸ ਕੀਤੇ।

ਤਲਾਕ ਬਾਰੇ ਮੁਸਲਿਮ ਕਾਨੂੰਨ ਵਿਚ ਸੋਧ ਕਰਨ ਦੀ ਲੋੜ ਬਾਰੇ ਪ੍ਰਸਤਾਵਤ ਖਰੜੇ ਵਿਚ ਕਿਹਾ ਗਿਆ ਹੈ ਕਿ ਕਈ ਕਈ ਵਿਆਹਾਂ ਦੀ ਮੁਸਲਿਮ ਮਰਦਾਂ ਨੂੰ ਆਗਿਆ ਹੋਣੀ ਅਤੇ ਤਲਾਕਸ਼ੁਦਾ ਔਰਤਾਂ ਨੂੰ 'ਇੱਦਤ' ਦੇ ਬਾਅਦ ਗੁਜ਼ਾਰੇ ਲਈ ਕੁਝ ਨਾ ਦੇਣਾ, ਮੁਸਲਿਮ ਔਰਤਾਂ ਦਾ ਦੁਖ ਬਹੁਤ ਵਧਾ ਦਿੰਦਾ ਹੈ, ਵਿਸ਼ੇਸ਼ ਕਰਕੇ ਗਰੀਬ ਔਰਤਾਂ ਦਾ।

(ਜੱਗ-ਬਾਣੀ ੨੫-੩-੯੬)

## ਤਲਾਕ ਦਾ ਮਾਮਲਾ : ਹਾਈ ਕੋਰਟ ਨੇ ਪਤੀ ਨੂੰ ਪਤਨੀ ਨੂੰ ੭ਮਰਲੇ ਦਾ ਪਲਾਟ ਤੇ ਸਵਾ ਲੱਖ ਦੇਣ ਲਈ ਕਿਹਾ

ਸੁਲਤਾਨਪੁਰ ਲੋਧੀ (ਜੋਸ਼ੀ)—ਪੰਜਾਬ ਤੇ ਹਰਿਆਣਾ ਹਾਈ ਕੋਰਟ ਵਲੋਂ ਤਲਾਕ ਲਈ ਦਾਇਰ ਕੀਤੀ ਇਕ ਦਰਖਾਸਤ ਤੇ ਮਹੱਤਵਪੂਰਨ ਫੈਸਲਾ ਦਿੰਦਿਆਂ ਪਤੀ ਨੂੰ ਪਤਨੀ ਦੇ ਪੇਕੇ ਪਿੰਡ, ਰਹਿਣ ਵਾਲੇ ਕਸਬੇ ਜਾਂ ਸ਼ਹਿਰ ਅਤੇ ਨੌਕਰੀ ਵਾਲੇ ਸ਼ਹਿਰ ਵਿਚ ਦਾਖਲ ਹੋਣ ਤੋਂ ਵਰਜਦਿਆਂ ਬਹੁਤ ਵੱਡੀ ਰਕਮ ਅਤੇ ਜਾਇਦਾਦ ਪਤਨੀ ਦੇ ਨਾਂ ਲੁਆਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ।

ਕਪੂਰਥਲਾ ਨਿਵਾਸੀ ਸ੍ਰੀ ਹਰਜਿੰਦਰਪਾਲ ਸਿੰਘ ਪੁਤਰ



Sri Satguru Jagjit Singh Ji eLibrary NamdhariElibrary@gmail.com

ਸੱਜਣ ਸਿੰਘ ਨਾਮੀ ਇਕ ਪੁਲਸ ਅਧਿਕਾਰੀ ਨੇ ਆਪਣੀ ਪਤਨੀ ਸ੍ਰੀਮਤੀ ਬਲਜੀਤ ਕੌਰ ਤੋਂ ਤਲਾਕ ਲੈਣ ਲਈ ਧਾਰਾ ੪੯੮ ਅਧੀਨ ਇਕ ਰਿਟ ਪਟੀਸ਼ਨ ਦਾਇਰ ਕੀਤੀ ਸੀ। ਮਾਨਯੋਗ ਜੱਜ ਸ੍ਰੀ ਵੀ. ਕੇ. ਝਾਂਜੀ ਨੇ ਐਡਵੋਕੇਟ ਸ੍ਰੀ ਜਸਵੀਰ ਸਿੰਘ ਅਤੇ ਐਡਵੋਕੇਟ ਸ੍ਰੀ ਜੀ. ਐਸ. ਸੰਧਾਵਾਲੀਆ ਦੀਆਂ ਦਲੀਲਾਂ ਸੁਣਨ ਮਗਰੋਂ ਚਾਰ ਸਫਿਆਂ ਦੇ ਅਤਿ ਮਹੱਤਵਪੂਰਨ ਫੈਸਲੇ ਦਾ ਪਿਛੋਕੜ ਦੱਸਦਿਆਂ ਪਟੀਸ਼ਨਰ ਸ੍ਰੀ ਹਰਜਿੰਦਰਪਾਲ ਸਿੰਘ ਨੂੰ ਹਦਾਇਤ ਕੀਤੀ ਹੈ ਕਿ ਉਹ ਤਲਾਕ ਲੈਣ ਦੀ ਇੱਛੁਕ ਆਪਣੀ ਪਤਨੀ ਸ੍ਰੀਮਤੀ ਬਲਜੀਤ ਕੌਰ ਨੂੰ ੭ ਮਰਲੇ ਦਾ ਇਕ ਪਲਾਟ ਦੇਵੇ ਅਤੇ ਮੁਆਵਜ਼ੇ ਦੇ ਤੌਰ ਤੇ ਇਕ ਲਖ ਪੱਚੀ ਹਜ਼ਾਰ ਰੁਪਏ ਦੀ ਰਕਮ ਅਦਾ ਕਰੇ। ਅਦਾਲਤ ਨੇ ਹਿੰਦੂ ਮੈਰਿਜ ਐਕਟ ਦੀ ਧਾਰਾ ੧੩-ਬੀ ਅਧੀਨ ਦੋਨਾਂ ਧਿਰਾਂ ਨੂੰ ਤਲਾਕ ਕਰਨ ਲਈ ਇਜਾਜ਼ਤ ਦੇ ਦਿਤੀ ਅਤੇ ਕਿਹਾ ਕਿ ਅਦਾਲਤ ਨੇ ਦੋਵਾਂ ਧਿਰਾਂ ਨੂੰ ਰਾਜ਼ੀਨਾਮਾ ਕਰਕੇ ਇਕੱਠੇ ਰਹਿਣ ਲਈ ਭਰਪੂਰ ਮੌਕਾ ਦਿੱਤਾ, ਪਰ ਦੋਨੋਂ ਧਿਰਾਂ ਇਸ ਮੌਕੇ ਦਾ ਲਾਭ ਨਹੀਂ ਉਠਾ ਸਕੀਆਂ, ਸਗੋਂ ਇਕਠੇ ਰਹਿਣ ਦਾ ਹੁਣ ਕੋਈ ਮੌਕਾ ਨਹੀਂ ਬਚਿਆ। ਦੋਵੇਂ ਧਿਰਾਂ ਵਿਚਕਾਰ ਉਪਰੋਕਤ ਧਾਰਾ ੧੩ ਬੀ ਮੁਤਾਬਕ ਆਪਸੀ ਰਜ਼ਾਮੰਦੀ ਨਾਲ ਤਲਾਕ ਕਰ ਲਿਆ ਹੈ। ਪਰ ਸ੍ਰੀਮਤੀ ਬਲਜੀਤ ਕੌਰ ਵਲੋਂ ਅਦਾਲਤ ਨੂੰ ਦਿਤੇ ਵੇਰਵੇ ਅਨੁਸਾਰ ਅਦਾਲਤ ਨੇ ਸ੍ਰੀ ਹਰਜਿੰਦਰਪਾਲ ਸਿੰਘ ਉਪਰ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾ ਦਿਤੀਆਂ ਹਨ ਜਿਨ੍ਹਾਂ ਤਹਿਤ ਉਹ ਸ੍ਰੀਮਤੀ ਬਲਜੀਤ ਕੌਰ ਦੇ ਪੇਕੇ ਪਿੰਡ ਵਾੜਾ ਬੁੱਧ ਸਿੰਘ ਵਿਚ ਨਹੀਂ ਵੜੇਗਾ ਤੇ ਨਾ ਹੀ ਸੁਲਤਾਨਪੁਰ ਲੋਧੀ ਵਿਚ ਦਾਖਲ ਹੋਵੇਗਾ ਕਿਉਂਕਿ ਸ੍ਰੀਮਤੀ ਬਲਜੀਤ ਕੌਰ ਇਥੋਂ ਦੇ ਇਕ ਸਰਕਾਰੀ ਸਕੂਲ ਵਿਚ ਅਧਿਆਪਕ ਹੈ। ਅਦਾਲਤ ਕੋਲ ਪਟੀਸ਼ਨਰ ਸ੍ਰੀ ਹਰਜਿੰਦਰ ਪਾਲ ਸਿੰਘ ਨੇ ਮੰਨਿਆ ਹੈ ਕਿ ਉਹ ਆਪਣੀ ਤਲਾਕਸ਼ੁਦਾ ਪਤਨੀ ਸ੍ਰੀਮਤੀ ਬਲਜੀਤ ਕੌਰ ਨੂੰ ਧਮਕੀਆਂ ਨਹੀਂ ਦੇਵੇਗਾ।

ਅਦਾਲਤ ਵਲੋਂ ਜਾਰੀ ਫੈਸਲੇ ਅਨੁਸਾਰ ਸ੍ਰੀਮਤੀ ਬਲਜੀਤ ਕੌਰ ਆਪਣੇ ਤਲ ਕਸ਼ੁਦਾ ਪਤੀ ਸ੍ਰੀ ਹਰਜਿੰਦਰਪਾਲ ਸਿੰਘ ਵਿਰੁਧ ਸੁਲਤਾਨਪੁਰ ਲੋਧੀ ਦੀ ਅਦਾਲਤ ਵਿਚ ਦ ਇਰ ਕੀਤਾ ਮੁਕੱਦਮਾ ਵਾਪਸ ਲੈ ਲਵੇਗੀ ਅਤੇ ਧਾਰਾ ੩੨੪ / ੩੨੩ / ੩੪੨/ ੩੫੪ /੩੬੬/੩੮੬/੩੮੭/੫੦੬ ਆਈ.ਪੀ.ਸੀ. ਅਧੀਨ ਕੇਸ ਦੀ ਪੈਰਵੀ ਨਹੀਂ ਕਰੇਗੀ। ਹਾਈ ਕੋਰਟ ਨੇ ਇਸ ਮਹੱਤਵਪੂਰਨ ਫੈਸਲੇ ਵਿਚ ਦੋਹਾਂ ਦੇ ਨਾਬਾਲਗ ਪੁਤਰ ਨੂੰ ਪਿਤਾ ਸ੍ਰੀ ਹਰਜਿੰਦਰਪਾਲ ਸਿੰਘ ਕੋਲ ਰਖਣ ਲਈ ਹੀ ਕਿਹਾ ਹੈ ਅਤੇ ਹੁਕਮ ਦਿਤਾ ਹੈ ਕਿ ਨਾਬਾਲਗ ਬੱਚੇ ਨੂੰ ਆਪਣੀ ਮਾਤਾ ਦੀ ਜਾਇਦਾਦ ਵਿਚੋਂ ਕਿਸੇ ਵੀ ਕਿਸਮ ਦੇ ਹਿੱਸੇ ਦਾ ਕੋਈ ਹੱਕ ਨਹੀਂ ਰਹੇਗਾ।

ਇਥੇ ਵਰਨਣਯੋਗ ਹੈ ਕਿ ਸ੍ਰੀ ਹਰਜਿੰਦਰਪਾਲ ਸਿੰਘ ਅਤੇ ਸ੍ਰੀਮਤੀ ਬਲਜੀਤ ਕੌਰ ਦਾ ਵਿਆਹ ਲਗ ਭਗ ੧੪ ਸਾਲ ਪਹਿਲਾਂ ਹੋਇਆ ਸੀ ਅਤੇ ਸ੍ਰੀ ਹਰਜਿੰਦਰਪਾਲ ਸਿੰਘ ਵਲੋਂ ਆਪਣੇ ਸਹੁਰੇ ਪਰਿਵਾਰ ਦੀ ਜਾਇਦਾਦ ਨੂੰ ਕਥਿਤ ਤੌਰ 'ਤੇ ਹਥਿਆਉਣ ਲਈ ਕੀਤੇ ਜਾ ਰਹੇ ਲਗਾਤਾਰ ਯਤਨਾਂ ਅਤੇ ਸ੍ਰੀਮਤੀ ਬਲਜੀਤ ਕੌਰ ਦੀ ਕਥਿਤ ਮਾਰਕੁਟਾਈ ਅਤੇ ਰਸਤਾ ਰੋਕ ਕੇ ਕਥਿਤ ਤੌਰ 'ਤੇ ਬੇਇਜ਼ਤੀ ਕਰਨ ਕਰਕੇ ਸ੍ਰੀਮਤੀ ਬਲਜੀਤ ਕੌਰ ਆਪਣੇ ਪਿਤਾ ਸ੍ਰੀ ਰਸਾਲ ਸਿੰਘ ਕੋਲ ਕਾਫੀ ਲੰਬੇ ਸਮੇਂ ਤੋਂ ਪੇਕੇ ਪਿੰਡ ਵਾੜਾ ਬੁਧ ਸਿੰਘ ਰਹਿ ਰਹੀ ਸੀ। ਇਸੇ ਦੌਰਾਨ ਕਈ ਵਾਰੀ ਅਜਿਹੀਆਂ ਘਟਨਾਵਾਂ ਵਾਪਰੀਆਂ, ਜਿਨਾਂ ਕਰਕੇ ਸ੍ਰੀਮਤੀ ਬਲਜੀਤ ਕੌਰ ਨੇ ਪਤੀ ਦੇ ਵਿਰੁਧ ਵਿਭਾਗੀ ਜਾਂਚ ਵੀ ਕਰਵਾਈ ਸੀ ਅਤੇ ਉਹ ਆਪਣੇ ਪਤੀ ਨੂੰ ਦੋਸ਼ੀ ਸਿੱਧ ਕਰਨ ਵਿਚ ਕਾਮਯਾਬ ਰਹੀ ਸੀ।

(ਜੱਗ-ਬਾਣੀ ੨੫-੩-੯੬)

## ਸਰਬ ਹਿੰਦ ਨਾਮਧਾਰੀ ਵਿਦਿਅਕ ਜਥਿਆਂ ਦੇ ਸਾਲਾਨਾ ਮੁਖ ਸਮਾਗਮ ੧੬ ਤੋਂ ੨੩ ਜੂਨ ਤੱਕ

ਨਾਮਧਾਰੀ ਵਿਦਿਅਕ ਸੰਮੇਲਨ ਸ੍ਰੀ ਭੈਣੀ ਸਾਹਿਬ ਵਿਚ ੧੬ ਜੂਨ ੧੯੯੬ ਤੋਂ ਸ਼ੁਰੂ ਹੋ ਰਿਹਾ ਹੈ। ਨੌਜਵਾਨ ਸਿੰਘਾਂ ਦਾ ੩੨ਵਾਂ ਸੰਮੇਲਨ ੧੬ ਤੋਂ ੧੯ ਜੂਨ ਤਕ ਹੋਵੇਗਾ ਅਤੇ ਬੀਬੀਆਂ ਦਾ ੧੬ਵਾਂ ਸੰਮੇਲਨ ੨੦ ਤੋਂ ੨੩ ਜੂਨ ਤਕ ਹੋਵੇਗਾ। ਇਨ੍ਹਾਂ ਸੰਮੇਲਨਾਂ ਵਾਸਤੇ ਵਿਸਥਾਰਤ ਪ੍ਰੋਗਰਾਮ ਉਲੀਕੇ ਗਏ ਹਨ। ਸ. ਗੁਰਮੁਖ ਸਿੰਘ ਰਹਿਬਰ ਪ੍ਰਧਾਨ ਅਤੇ ਸ. ਜਗਤਾਰ ਸਿੰਘ ਭੱਟੀ ਸਕੱਤਰ ਅਤੇ ਬੀਬੀ ਸੁਖਜੀਤ ਕੌਰ ਪ੍ਰਧਾਨ, ਬੀਬੀ ਕੁਲਵੰਤ ਕੌਰ ਜਨਰਲ ਸਕੱਤਰ ਨੇ ਮੈਂਬਰਾਂ ਨੂੰ ਹੁੰਮ-ਹੁਮਾਕੇ ਪੁਜਣ ਲਈ ਬੇਨਤੀ ਕੀਤੀ ਹੈ। ਸੰਮੇਲਨ ਵਾਸਤੇ ਜ਼ੋਰਦਾਰ ਤਿਆਰੀਆਂ ਚੱਲ ਰਹੀਆਂ ਹਨ। ਸੰਮੇਲਨ ਦੇ ਮੇਜ਼ਬਾਨ ਨਾਮਧਾਰੀ ਵਿਦਿਅਕ ਜੱਥਾ ਅਤੇ ਨਾਮਧਾਰੀ ਸੰਗਤ ਜ਼ਿਲ੍ਹਾ ਸੰਗਰੂਰ ਹਨ।



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਰਮ

ਵਰਿਆਮ ਦੀ ਛਪਾਈ ਤੇ ਸੁੰਦਰਤਾ ਆਪਣਾ ਨਾਮ ਉੱਘਾ ਕਰ ਰਹੀ ਹੈ। ਇਹ ਹੁਣ ਇਕ ਸੰਪ੍ਰਦਾਇ ਦਾ ਪਰਚਾ ਨਹੀਂ ਲਗਦਾ, ਸਗੋਂ ਸਮੂਹ ਪੰਜਾਬੀਆਂ ਨੂੰ ਆਪਣੀ ਪਿਆਰ-ਭਰੀ ਗਲਵੱਕੜੀ ਵਿਚ ਲੈਂਦਾ ਦਿਸਦਾ ਹੈ।

ਅਮਰ ਭਾਰਤੀ ਜੀ ਦਾ ਲੇਖ 'ਸਿਆਮ ਦੇਸ' ਬਾਰੇ ਤੁਸੀਂ ਛਾਪ ਕੇ ਪਾਠਕਾਂ ਉਤੇ ਬੜਾ ਅਹਿਸਾਨ ਕੀਤਾ ਹੈ ਕਿ ਉਹ ਮੁੱਢ ਤੋਂ ਚਲੇ ਆ ਰਹੇ ਆਜ਼ਾਦ ਦੇਸ ਵਿਚ, ਪੰਜਾਬੀ ਆਜ਼ਾਦੀ ਦੇ ਮੋਢੀ ਸੰਗ੍ਰਾਮੀਏ ਬਾਬਾ ਰਾਮ ਸਿੰਘ ਜੀ ਨੂੰ ਸਮਰਪਤ ਸੀ। ਪ੍ਰੋ. ਵਰਿਆਮ ਸਿੰਘ ਸੰਧੂ ਹੋਰਾਂ ਦੀ ਕਹਾਣੀ ਦੀ ਕਹਾਣੀ ਦਸ ਸਫ਼ਿਆਂ ਵਿਚ ਵਧਾਕੇ ਜ਼ਰਾ ਵਧੇਰੇ ਲੰਮੀ ਕਰ ਦਿਤੀ ਹੈ ਜੋ ਕਿ ਮਾਸਕ ਪੱਤਰ ਲਈ ਬਿਖਮ ਬਣ ਜਾਂਦੀ ਹੈ, ਪਰ ਤੁਸੀਂ ਬਿਖਮਤਾ ਨੂੰ ਬਰਦਾਸ਼ਤ ਕਰ ਲੈਂਦੇ ਹੋ— ਹਮ-ਸ਼ਹਿਰੀ ਹੋਣ ਦੇ ਨਾਤੇ।...ਮੁੱਖ ਚਿੱਤਰ ਦੀ ਵਧਾਈ ਦੇਣਾ ਭੁੱਲ ਗਿਆ ਜੋ ਕਿ ਚੇਤਰ ਦੀ ਨੁਹਾਰ ਨਾਲ ਬਿਰਹਾ ਨੂੰ ਸਾਕਾਰ ਕਰਦਾ ਹੈ।

**—ਪਿਆਰਾ ਸਿੰਘ ਪਦਮ**

ਕਲਮ ਮੰਦਰ, ਪਟਿਆਲਾ

—o—

'ਸਮਕਾਲੀ ਪੰਜਾਬੀ ਕਹਾਣੀ' ਬਾਰੇ ਭੋਗਲ ਸਾਹਿਬ ਦੇ ਵਿਚਾਰ ਬੜੇ ਨਰੋਏ ਅਤੇ ਅਗਵਾਈ ਭਰਪੂਰ ਹਨ। ਪ੍ਰੋ. ਭੋਗਲ ਨੇ ਕਈ ਨਵੇਂ ਤੇ ਅਣਗੌਲੇ ਕਹਾਣੀ ਲੇਖਕਾਂ ਨੂੰ ਉਂਗਲ ਲਾ, ਸਾਡੇ ਸਾਹਮਣੇ ਲਿਆ ਖੜਾ ਕੀਤਾ ਹੈ ਤੇ ਉਨ੍ਹਾਂ ਦੀਆਂ ਕਿਰਤਾਂ ਦਾ ਵਾਜਬ ਮੁਲ ਪਾ ਕੇ, ਆਉਣ ਵਾਲੇ ਸਮੇਂ ਲਈ ਪੰਜਾਬੀ ਕਹਾਣੀ ਦੀਆਂ ਸੰਭਾਵਨਾਵਾਂ ਉਲੀਕੀਆਂ ਹਨ। ਨਿਰਸੰਦੇਹ, ਨਵੀਨ ਕਹਾਣੀਕਾਰਾਂ ਦਾ ਪੰਜਾਬੀ ਸਮਾਜ ਪ੍ਰਤੀ ਅਨੁਭਵ ਬੜਾ ਚਲਾਊ, ਸਪੱਸ਼ਟ ਤੇ ਯਥਾਰਥਵਾਦੀ ਹੈ। ਹੌਲੀ ਹੌਲੀ ਜੂੰ ਤੋਰ ਤੁਰਦੇ, ਠੇਡੇ-ਠੋਰੇ ਖਾ ਰਹੇ, ਸਮਾਜ ਦਾ ਨੰਗੇਜ ਆਖਰ ਕਦ ਤੱਕ ਢਕਿਆ ਰਹਿ ਸਕਦਾ ਹੈ? ਅਹੁਰ ਵਿਅਕਤੀਗਤ ਹੋਵੇ ਜਾਂ ਸਮਾਜਕ ਸਮੂਹ ਦੀ, ਆਖਰ ਸਿਰ ਚੜ੍ਹ ਬੋਲਦੀ ਹੈ।

ਖੈਰ! ਭੋਗਲ ਸਾਹਿਬ ਦਾ ਉੱਦਮ ਸ਼ਲਾਘਾਯੋਗ ਹੈ। ਆਸ ਹੈ ਉਹ ਇਸੇ ਤਰ੍ਹਾਂ ਸਾਹਿਤਕ ਜਾਣ-ਪਛਾਣਿਕ ਪੱਧਰ ਦੀ ਆਲੋਚਨਾ (ਗੰਭੀਰ ਭਾਂਤ ਲਈ ਬਹੁਤਾ ਸਮਾਂ ਚਾਹੀਦਾ ਹੈ) ਦਾ ਸਿਲਸਲਾ ਜਾਰੀ ਰਖਣਗੇ। ਸਾਹਿਤ ਨਾਲ ਮੱਸ ਰੱਖਣ ਵਾਲੇ ਸਾਧਾਰਨ ਪਾਠਕਾਂ ਨੂੰ ਇਸਦੀ ਲੋੜ ਹੈ।

**—ਜਸਵੰਤ ਸਿੰਘ ਜੱਸ (ਡਾ.)**

ਮਾਡਲ ਟਾਊਨ, ਜਲੰਧਰ

ਤੁਸੀਂ, ਵਰਿਆਮ ਨੂੰ ਨਾਮਧਾਰੀ ਪ੍ਰੀਵਾਰ ਦਾ ਨਿੱਘਾ ਸਨੇਹੀ ਬਣਾਈ ਰੱਖਣ ਦੇ ਨਾਲ ਨਾਲ ਸਾਹਿਤ-ਪ੍ਰੇਮੀਆਂ ਲਈ ਵੀ ਪ੍ਰਭਾਵੀ ਪੱਤ੍ਰਿਕਾ ਬਣਾ ਲਿਆ ਹੈ। ਖਾਸਕਰ ਸਾਡੇ ਅਮੀਰ ਵਿਰਸੇ ਦੇ ਪ੍ਰਤੀਨਿਧ ਕਹਾਣੀਕਾਰਾਂ ਦੀਆਂ ਕਹਾਣੀਆਂ ਨੂੰ ਪਾਠਕਾਂ ਤਕ ਅਪੜਦਾ ਕਰਕੇ ਵੀ, ਅਤੇ ਵਿਚਕਾਰ ਨਵੀਂ-ਪੁਰਾਣੀ ਸਾਹਿਤਕ ਸਮੱਗਰੀ ਉਤੇ ਟਿੱਪਣੀਆਂ, ਲੇਖ, ਖੋਜ-ਆਲੇਖ ਵਰਗੀਆਂ ਰੌਚਿਕ ਕਿਰਤਾਂ ਪਾਠਕ-ਸਮੂਹ ਤਕ ਅਪੜਦੀਆਂ ਕਰਕੇ ਵੀ। ਇਹਨਾਂ ਵਿਚ ਪ੍ਰੋ. ਭੋਗਲ, ਡਾ. ਲਖਵਿੰਦਰ ਜੌਹਲ, ਡਾ. ਵਰਿਆਮ ਸਿੰਘ ਸੰਧੂ ਦਾ ਯੋਗਦਾਨ ਸੱਚਮੁਚ ਸ਼ਲਾਘਾਯੋਗ ਉੱਦਮ ਹੈ।

ਪਰੰਤੂ, ਜਨਵਰੀ-ਫਰਵਰੀ-੯੬ ਅਤੇ ਮਾਰਚ-੯੬ ਦੇ ਅੰਕਾਂ ਵਿਚ ਕੁਝ ਸਮਗਰੀ ਪੜ੍ਹਨ ਨੂੰ ਮਿਲੀ, ਜਿਸ ਬਾਰੇ ਨਾ ਚਾਹੁੰਦਿਆਂ ਹੋਇਆਂ ਵੀ ਥੋੜ੍ਹਾ ਕੁ ਲਿਖ ਭੇਜਣ ਦੀ ਗੁਸਤਾਖ਼ੀ ਕਰਨ ਲੱਗਾ ਹਾਂ—

ਜਨਵਰੀ-ਫਰਵਰੀ-੯੬ ਅੰਕ ਵਿਚ ਪ੍ਰੋ. ਪਿਆਰਾ ਸਿੰਘ ਭੋਗਲ ਹੋਰਾਂ ਦੀ ਪਾਠਕੀ ਲਗਨ ਨੇ ੫੦ ਤੋਂ ਵਧ ਲੇਖਕਾਂ ਦੀਆਂ ਕਹਾਣੀਆਂ ਪੜ੍ਹਕੇ ਉਨ੍ਹਾਂ ਦੇ ਨਾਮ ਆਪਣੇ ਚੇਤੇ ਦੀ ਪਟਾਰੀ ਵਿਚ ਸਾਂਭ ਰੱਖੇ, ਪਰ ਮਾਰਚ-੯੬ ਦੇ ਵਰਿਆਮ ਅੰਕ ਵਿਚ ਤੇਜਵੰਤ ਮਾਨ (ਡਾ.) ਨੇ ਉਹਨਾਂ ਦੀ 'ਈਮਾਨਦਾਰੀ ਤੇ ਸ਼ੱਕ' ਕਰਦਿਆਂ ੧੬ ਕੁ ਹੋਰ ਨਾਮ, ਜਿਸ ਤਰ੍ਹਾਂ ਦੀ ਟਿਪਣੀ ਨਾਲ ਉਹਨਾਂ ਦੀ ਸੂਚੀ ਵਿਚ ਵਾਧਾ ਕਰਨ ਲਈ ਭੇਜੇ ਹਨ, ਉਹ ਡਾ. ਤੇਜਵੰਤ ਵਰਗੇ ਸੁਹਿਰਦ ਕਾਮੇ ਨੂੰ ਸੋਭਦਾ ਨਹੀਂ। ਨਾਂਵਾਂ-ਥਾਂਵਾਂ ਦੀ ਇਹ ਉਕਾਈ, ਨਾਂਵਾਂ-ਥਾਵਾਂ ਦੇ ਭੁੱਲ ਜਾਣ ਕਾਰਨ ਵੀ ਹੋ ਸਕਦੀ ਹੈ ਤੇ ਪਾਠਨ-ਖੇਤਰ ਦੀ ਸੀਮਾ ਕਰਕੇ ਵੀ। ਇਵੇਂ ਦੀ ਉਕਾਈ ਵਰਿਆਮ ਸੰਧੂ (ਡਾ.) ਦੇ ਲੇਖ 'ਦੋ ਇਤਿਹਾਸਕ ਸਮਾਗਮ ਤੇ ਨਵੀਂ ਪੰਜਾਬੀ ਕਹਾਣੀ' ਵਿਚ ਵੀ ਹੋਈ ਹੈ। ਭਾਵੇਂ ਕਿ ਵਰਿਆਮ ਸੰਧੂ ਦਾ ਕਾਰਜ 'ਸਿਰਜਨਾ' ਦੇ ੫੦ ਅੰਕ ਵਿਚ ਛਪੇ ਡਾ. ਰਘਬੀਰ ਸਿੰਘ ਦੇ ਲੇਖ 'ਨਵੀਂ ਪੰਜਾਬੀ ਕਹਾਣੀ' ਅੰਦਰ ਨਿਰਧਾਰਤ ਕੀਤੀਆਂ ਧਾਰਨਾਵਾਂ ਵਿਚੋਂ ਕੁਝ ਕੁ ਸੰਨ ੮੩ ਤੋਂ ੯੫ ਤਕ ਲਿਖੀ ਕਹਾਣੀ ਸਮੱਗਰੀ ਦੇ ਸੰਦਰਭ ਵਿਚ ਅੱਗੇ ਵੀ ਤੋਰਦਾ ਹੈ ਹੈ ਅਤੇ ਇਸ ਦੌਰਾਨ ਵਾਪਰੀਆ ਸ਼ੁਭ-ਅਸ਼ੁਭ ਘਟਨਾਵਾਂ ਦੇ ਪ੍ਰੀਪੇਖ ਵਿਚ ਇਸ ਦੌਰ ਦੇ ਨਵੇਂ ਕਿਯਾਮ ਵੀ ਭਾਲਦਾ ਹੈ। ਆਲੋਚਨਾ ਖੇਤਰ ਵਿਚ ਅਜਿਹੀ ਮਿਹਨਤ ਨਿਸਚੇ ਹੀ ਸ਼ਲਾਘਾਯੋਗ ਹੈ, ਬਸ਼ਰਤੇ ਕਿ ਉਹ ਆਪਣੇ ਮਨ-ਭਾਉਂਦੇ ਲੇਖਕਾਂ ਦੀ ਸੀਮਤ-ਸੂਚੀ ਨੂੰ ਥੋੜ੍ਹਾ ਕੁ ਜਿੰਨਾ ਹੋਰ ਵਿਸਥਾਰ ਦੇਵੇ।

**—ਲਾਲ ਸਿੰਘ**

ਦਸੂਹਾ (ਹੁਸ਼ਿਆਰਪੁਰ)



Sri Satguru Jagjit Singh Ji eLibrary NamdhariElibrary@gmail.com

*With best compliments from*

# YOUR
# CLOTH HOUSE

**Wholeseller & Retailor**

## Gents Wing :

**S.C.F. 1, Sector 20-C, Chandigarh.**

Phone : 23363, 31199

## Ladies Wing :

**S.C.O. 6, Sector 20-C, Chandigarh.**

Phone : 29849

## Rumal Sahib Wing :

**Booth No. 36, Sector 34-C, Chandigarh.**

## Your Saree Centre :

**S.C.F. No. 1, Sector 20-C, Chandigarh.**



Sri Satguru Jagjit Singh Ji eLibrary NamdhariElibrary@gmail.com

GOLD MEDAL WINNER

# JAYSON®

ELECTRIC MOTORS

FOR Agriculture, Domestic and Industrial Uses

(1982-1983)

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single
Phase and 1/12 H.P. to
30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also
be made according to
Customer's Specifications




ONE YEAR GUARANTEE AGAINST ALL
MANUFACTURING DEFECTS

Manufactured by:
**Jayson Electric Co. (Regd.)**
WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634

ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

# ਨਾਮਧਾਰੀ ਬ੍ਰਦਰਜ਼

## ਡਾਲਟਨ ਗੰਜ (ਬਿਹਾਰ)

# Namdhari Brothers

## DALTON GANJ

(Bihar)

Prop. :
S. AJIT SINGH NAMDHARI

*With best compliments from :*

# Oster

# PARTNER

CARDIGANS • PULLOVERS

*Ante-date Knitters*

A quality product of

**UDEY Knitwears**

Manufacturers & Exporters

Street No.3, Jammu Colony, Nr. Preet Palace, Opp. Atam Park, LUDHIANA-141

Phones: 405338, 36349, Fax: 26070 ATTN: 24349



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office—5411940, 5451969, 502061
Resi. —5455011, 5440079

# NAMDHARI MARBLE CO.

*Supplier of :—*

**KOTA STONE, RED AGRA, MANDANA, MARBLE, DHAULPUR & GWALIOR BUCH**

PROP. S. DAYA SINGH BHUI

**WZ-2, Mansarover Garden, Ring Road, NEW DELHI—110015**

ਅਪਣੀ ਕਿਰਪਾ ਧਾਰੀ
ਤਿਨਿ ਸਗਲੀ ਬਾਤ ਸਵਾਰੀ

Specialists in : 'A' Class Decoration for Marriages Parties & Govt. Functions

## Namdhari Tent House

53, Hamidia Road Near Alpana Talkies,
BHOPAL (M.P.)

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office 58795
Resi. 58795

# SAGGU IRON INDUSTRIES

ਸੱਗੂ ਆਇਰਨ ਇੰਡਸਟਰੀਜ਼

Sugar Mill Spares, Paper & Boards Mill Spares, Textile Mill Spares, Distillery Spares & Solvent Plant Spares

All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

**Old Railway Road, JALANDHAR.**



Sri Satguru Jagjit Singh Ji eLibrary NamdhariElibrary@gmail.com

GRAMS : MATHARU P. O. Box 64 Ph. 32527
fg. : Rice Bran Extraction Plant Accessories

**Matharu Engineering Works**

MATHARU TRADING COMPANY

Partner—S. Swaran Singh Matharu

Works :

Near Char Batti Chowk

Sultanpur Road, Kapurthala.

Branch : Ph. : 490853

2847 St. No. 6, New Janta Nager,

Near A. T. I. College, Gill Road, Ludhiana.

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ

ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ 59869

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ

ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ

ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲਕੜੀ ਦਾ

ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਅਕਹਿਰੀ ਪੁਲੀ, ਜਲੰਧਰ-੧੪੪੦੦੪.

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ

ਲੱਕੜੀ ਦੇ ਤਸੱਲੀਬਖ਼ਸ਼ ਕੰਮ ਵਾਸਤੇ

ਦਰਸ਼ਨ ਦਿਓ.

★

★

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ,

ਅਕਹਿਰੀ ਪੁਲੀ, ਜਲੰਧਰ ਸ਼ਹਿਰ

ਫੋਨ ਨੰ: 292994

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 220010

**Makhan Singh Saggu**

**TECHNO INDUSTRIES**

**ਟੈਕਨੋ ਇੰਡਸਟਰੀਜ਼**

Manufacturers, Fabricators & Exporters
Industrial Chain Sprockets & Sugar Mill
Spares All Types of Graded Casting
& Machinery Parts

E.D. 311, Old Railway Road,
JALANDHAR-144001.



Sri Satguru Jagjit Singh Ji eLibrary NamdhariElibrary@gmail.com

# ਅੰਬਰ ਬਿਸਕੁਟ ਪ੍ਰਾਈਵੇਟ ਲਿਮਟਿਡ

ਹੈਦਰਾਬਾਦ

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ

ਬਨਾਉਣ ਵਾਲੇ

# AMBER BISCUITS Pvt. Ltd.

SANTOSH NAGAR, X'ROAD, HYDERABAD-500035 (INDIA)





Sri Satguru Jagjit Singh Ji eLibrary NamdhariElibrary@gmail.com

✆ 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

G.T. Road, Opp. Jalandhar Octroi Post,
PHAGWARA


Sri Satguru Jagjit Singh Ji eLibrary NamdhariElibrary@gmail.com

Registered No. PB/JL-253 MONTHLY WARIAM April 1996
Ladowali Road, Jalandahr-144 001
Registered with the Registrar of News papers for India No. 26453

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



ਟੈਂਟ ਹਾਊਸ ਵਾਲਿਆਂ ਵਾਸਤੇ ਖ਼ੁਸ਼ਖਬਰੀ

**ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ**

# ਨਾਮਧਾਰੀ ਏਜੰਸੀਜ਼

**੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਂਕ, ਦਿੱਲੀ-੧੧੦੦੦੬**

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

**Office : 2528411–2510345 Resi.: 6845441**

# NAMDHARI AGENCIES

2/2068, CHAH ANDARA, (BEHIND JUBILEE CINEMA)
CHANDNI CHOWK, DELHI–110006

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ ਵਰਿਆਮ ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫੋਨ : 222543, ਨਿਵਾਸ 36289

Sri Satguru Jagjit Singh Ji eLibrary NamdhariElibrary@gmail.com